


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No : AAA1353 | Ludhiana, Sunday 21 December, 2025 | website : www.cee7news.com

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਹਾਲ ਹੀ ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਦੀ ਵਿਦੇਸ਼ ਯਾਤਰਾ ਨੇ ਸੂਬੇ ਲਈ ਵੱਡੇ ਨਿਵੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ

**ਚੰਡੀਗੜ੍ਹ 20 ਦਸੰਬਰ 2025 | (ਰਵਨੀਤ ਲਾਂਬਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਹਾਲ ਹੀ ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਦੀ ਵਿਦੇਸ਼ ਯਾਤਰਾ ਨੇ ਸੂਬੇ ਲਈ ਵੱਡੇ ਨਿਵੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਇਸ ਯਾਤਰਾ ਦੌਰਾਨ ਨੌਂ ਵੱਡੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਸੂਬੇ ਦੀ ਆਰਥਿਕਤਾ ਨੂੰ ਨਵੀਂ ਉਚਾਈ ਮਿਲੇਗੀ। ਇਹ ਨਿਵੇਸ਼ ਸਿਰਫ਼ ਰਵਾਇਤੀ ਉਦਯੋਗਾਂ ਤੱਕ ਸੀਮਤ ਨਹੀਂ, ਬਲਕਿ ਏਆਈ, ਆਈਟੀ, ਇਲੈਕਟ੍ਰਿਕ ਵਹੀਕਲ ਅਤੇ ਹੋਰ ਭਵਿੱਖੀ ਤਕਨਾਲੋਜੀਆਂ ਵਿੱਚ ਵੀ ਕੇਂਦ੍ਰਿਤ ਹੈ। ਮੁੱਖ ਮੰਤਰੀ ਮਾਨ ਨੇ ਇਸ ਯਾਤਰਾ ਨੂੰ ਪੰਜਾਬ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਦੱਸਿਆ ਹੈ।ਇਸ ਯਾਤਰਾ ਦੇ ਸਭ ਤੋਂ ਵੱਡੇ ਨਤੀਜੇ ਵਜੋਂ ਮੋਹਾਲੀ ਨੂੰ ਏਸ਼ੀਆ ਦਾ ਨਵਾਂ ਆਈਟੀ ਹੱਬ ਬਣਾਉਣ ਦੀ ਯੋਜਨਾ ਸਾਹਮਣੇ ਆਈ ਹੈ। ਤਿੰਨ ਵੱਡੀਆਂ ਜਾਪਾਨੀ ਕੰਪਨੀਆਂ – ਫੁਜਿਤਸੂ ਲਿਮਟਿਡ, ਟੋਰੇ ਅਤੇ ਟੌਪਨ ਹੋਲਡਿੰਗਜ਼ – ਨੇ ਮੋਹਾਲੀ ਵਿੱਚ ਵੱਡੇ ਪੱਧਰ ਤੇ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਫੁਜਿਤਸੂ ਏਆਈ ਅਤੇ ਆਈਟੀ ਪ੍ਰੋਜੈਕਟ ਸਥਾਪਤ ਕਰੇਗੀ, ਟੋਰੇ ਨੇ ਨਿਵੇਸ਼ ਵਿੱਚ ਦਿਲਚਸਪੀ ਦਿਖਾਈ ਹੈ ਅਤੇ ਟੌਪਨ ਨੇ 400 ਕਰੋੜ ਰੁਪਏ ਦੇ ਨਿਵੇਸ਼ ਦਾ ਵਾਅਦਾ ਕੀਤਾ ਹੈ। ਇਹ ਕੰਪਨੀਆਂ ਦੁਨੀਆ ਭਰ ਵਿੱਚ ਨਵੀਨਤਾ ਅਤੇ ਤਕਨਾਲੋਜੀ ਲਈ ਮਸ਼ਹੂਰ ਹਨ। ਇਨ੍ਹਾਂ ਦੇ ਆਉਣ ਨਾਲ ਮੋਹਾਲੀ ਵਿੱਚ ਹਜ਼ਾਰਾਂ ਆਈਟੀ ਪੇਸ਼ੇਵਰਾਂ ਲਈ ਰੁਜ਼ਗਾਰ ਦੇ ਮੌਕੇ ਖੁੱਲ੍ਹਣਗੇ ਅਤੇ ਸੂਬਾ ਗਲੋਬਲ ਆਈਟੀ ਮੈਪ ਤੇ ਉਭਰ ਕੇ ਸਾਹਮਣੇ ਆਵੇਗਾ। ਆਟੋਮੋਬਾਈਲ ਖੇਤਰ ਵਿੱਚ ਵੀ ਵੱਡੀਆਂ ਖਬਰਾਂ ਹਨ। ਜਾਪਾਨੀ ਕੰਪਨੀ ਯਾਮਾਹਾ ਹੀਰੋ ਦੇ ਸਹਿਯੋਗ ਨਾਲ ਪੰਜਾਬ ਵਿੱਚ ਇਲੈਕਟ੍ਰਿਕ ਬਾਈਕਾਂ ਦਾ ਉਤਪਾਦਨ ਸ਼ੁਰੂ ਕਰੇਗੀ, ਜੋ ਸੂਬੇ ਨੂੰ ਹਰੀ ਆਵਾਜਾਈ ਵਿੱਚ ਅੱਗੇ ਵਧਾਏਗੀ। ਹੌਂਡਾ ਕੰਪਨੀ ਕਾਰਾਂ ਦੇ ਪੁਰਜ਼ੇ ਬਣਾਏਗੀ, ਜਿਸ ਨਾਲ ਆਟੋ ਸੈਕਟਰ ਮਜ਼ਬੂਤ ਹੋਵੇਗਾ। ਇਹ ਪ੍ਰੋਜੈਕਟ ਨਾ ਸਿਰਫ਼ ਰੁਜ਼ਗਾਰ ਦੇਣਗੇ ਬਲਕਿ ਸਥਾਨਕ ਨੌਜਵਾਨਾਂ ਨੂੰ ਤਕਨੀਕੀ ਸਿਖਲਾਈ ਵੀ ਪ੍ਰਦਾਨ ਕਰਨਗੇ। ਇਸ ਤੋਂ ਇਲਾਵਾ, ਜਾਪਾਨੀ ਕੰਪਨੀਆਂ METI ਅਤੇ ਸੁਮਿਤੋਮੋ ਨੇ ਵਪਾਰਕ ਵਾਹਨਾਂ ਅਤੇ ਲੌਜਿਸਟਿਕਸ ਖੇਤਰ ਵਿੱਚ ਨਿਵੇਸ਼ ਦੀ ਚਰਚਾ ਕੀਤੀ ਹੈ।ਖੇਤੀਬਾੜੀ ਅਤੇ ਵਾਤਾਵਰਣ ਖੇਤਰ ਵਿੱਚ ਵੀ ਸਕਾਰਾਤਮਕ ਖਬਰਾਂ ਹਨ। ਜਾਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ (JICA) ਨੇ ਪੰਜਾਬ ਵਿੱਚ ਬਾਗਬਾਨੀ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਆਧੁਨਿਕ ਤਕਨਾਲੋਜੀ ਨਾਲ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਵਧੇਗੀ ਅਤੇ ਕਿਸਾਨਾਂ ਦੀ ਆਮਦਨ ਵਧੇਗੀ। ਜਾਪਾਨ ਬੈਂਕ ਫਾਰ ਇੰਟਰਨੈਸ਼ਨਲ ਕੋਆਪਰੇਸ਼ਨ (JBIC) ਨੇ ਸਾਫ਼ ਊਰਜਾ ਵਿੱਚ ਨਿਵੇਸ਼ ਦਾ ਵਾਅਦਾ ਕੀਤਾ ਹੈ, ਜੋ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਵਿੱਚ ਮਦਦ ਕਰੇਗਾ। ਇਹ ਪਹਿਲਕਦਮੀਆਂ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਕਰਨਗੀਆਂ।

## ਵੱਡੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ,



ਪੰਜਾਬ ਸਰਕਾਰ ਨੇ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਸਿੰਗਲ ਵਿੰਡੋ ਕਲੀਅਰੈਂਸ ਸਿਸਟਮ ਅਤੇ ਫਾਸਟ ਟਰੈਕ ਪ੍ਰਵਾਨਗੀਆਂ ਨਾਲ ਕੰਪਨੀਆਂ ਨੂੰ ਜ਼ਮੀਨ, ਬਿਜਲੀ ਅਤੇ ਹੋਰ ਸਹੂਲਤਾਂ ਤੇਜ਼ੀ ਨਾਲ ਮਿਲਣਗੀਆਂ। ਇਹ ਪਾਰਦਰਸ਼ੀ ਨੀਤੀਆਂ ਹੋਰ ਵਿਦੇਸ਼ੀ ਨਿਵੇਸ਼ਕਾਂ ਨੂੰ ਸੱਦਾ ਦੇਣਗੀਆਂ। ਸਥਾਨਕ ਉਦਯੋਗਪਤੀਆਂ ਅਤੇ ਚੈਂਬਰ ਆਫ਼ ਕਾਮਰਸ ਨੇ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਹੈ। ਮਾਹਿਰਾਂ ਮੁਤਾਬਕ, ਜੇਕਰ ਇਹ ਰਫ਼ਤਾਰ ਜਾਰੀ ਰਹੀ ਤਾਂ ਪੰਜਾਬ ਜਲਦੀ ਹੀ ਦੇਸ਼ ਦੇ ਟਾਪ ਨਿਵੇਸ਼ ਸਥਾਨਾਂ ਵਿੱਚ ਸ਼ਾਮਲ ਹੋ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਸਮਝੌਤੇ ਸਿਰਫ਼ ਕਾਗਜ਼ੀ ਨਹੀਂ, ਬਲਕਿ ਜ਼ਮੀਨੀ ਬਦਲਾਅ ਦੀ ਸ਼ੁਰੂਆਤ ਹਨ। ਇਨ੍ਹਾਂ ਪ੍ਰੋਜੈਕਟਾਂ ਤੇ ਜਲਦੀ ਕੰਮ ਸ਼ੁਰੂ ਹੋਵੇਗਾ ਅਤੇ ਨੌਜਵਾਨਾਂ ਨੂੰ ਨਵੇਂ ਮੌਕੇ ਮਿਲਣਗੇ। ਇਹ ਯਾਤਰਾ ਪੰਜਾਬ ਨੂੰ ਇੱਕ ਨਵੇਂ ਉਦਯੋਗਿਕ ਅਤੇ ਤਕਨੀਕੀ ਕੇਂਦਰ ਵਜੋਂ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਸੂਬੇ ਦੇ ਲੋਕਾਂ ਲਈ ਇਹ ਇੱਕ ਖੁਸ਼ੀ ਦੀ ਖਬਰ ਹੈ ਕਿ ਵਿਦੇਸ਼ੀ ਕੰਪਨੀਆਂ ਪੰਜਾਬ ਨੂੰ ਆਪਣਾ ਨਿਵੇਸ਼ ਸਥਾਨ ਚੁਣ ਰਹੀਆਂ ਹਨ। ਇਸ ਨਾਲ ਨਾ ਸਿਰਫ਼ ਆਰਥਿਕ ਵਿਕਾਸ ਹੋਵੇਗਾ ਬਲਕਿ ਨੌਜਵਾਨਾਂ ਦਾ ਭਵਿੱਖ ਵੀ ਰੌਸ਼ਨ ਹੋਵੇਗਾ।

# ਸੰਘਣੀ ਧੁੰਦ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੈਲੀਕਾਪਟਰ ਨਹੀਂ ਉਤਰ ਸਕਿਆ



ਸੰਘਣੀ ਧੁੰਦ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੈਲੀਕਾਪਟਰ ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ ਵਿੱਚ ਤਾਹਿਰਪੁਰ ਵਿਖੇ ਰੈਲੀ ਸਥਾਨ ਤੇ ਨਹੀਂ ਉਤਰ ਸਕਿਆ। ਇਹ ਘਟਨਾ 20 ਦਸੰਬਰ 2025 ਨੂੰ ਵਾਪਰੀ ਜਦੋਂ ਪ੍ਰਧਾਨ ਮੰਤਰੀ ਕੋਲਕਾਤਾ ਹਵਾਈ ਅੱਡੇ ਤੋਂ ਹੈਲੀਕਾਪਟਰ ਰਾਹੀਂ ਰੈਲੀ ਨੂੰ ਸੰਬੋਧਨ ਕਰਨ ਲਈ ਜਾ ਰਹੇ ਸਨ। ਸੰਘਣੀ ਧੁੰਦ ਅਤੇ ਘੱਟ ਦਿੱਸਣ ਹੱਦ ਕਾਰਨ ਹੈਲੀਕਾਪਟਰ ਕੁਝ ਸਮੇਂ ਲਈ ਅਸਥਾਈ ਹੈਲੀਪੈਡ ਉੱਤੇ ਘੁੰਮਿਆ ਪਰ ਉਤਰ ਨਹੀਂ ਸਕਿਆ ਅਤੇ ਯੂ-ਟਰਨ ਲੈ ਕੇ ਵਾਪਸ ਕੋਲਕਾਤਾ ਹਵਾਈ ਅੱਡੇ ਤੇ ਆ ਗਿਆ।

ਇਸ ਘਟਨਾ ਨੇ ਰੈਲੀ ਵਿੱਚ ਇਕੱਠੇ ਹੋਏ ਵੱਡੀ ਗਿਣਤੀ ਵਾਲੇ ਲੋਕਾਂ ਨੂੰ ਨਿਰਾਸ਼ ਕੀਤਾ। ਰੈਲੀ ਸਥਾਨ ਤੇ ਹਜ਼ਾਰਾਂ ਭਾਜਪਾ ਸਮਰਥਕ ਅਤੇ ਵਰਕਰ ਪਹੁੰਚੇ ਸਨ ਜੋ ਪ੍ਰਧਾਨ ਮੰਤਰੀ ਦੇ ਸੰਬੋਧਨ ਦੀ ਉਡੀਕ ਕਰ ਰਹੇ ਸਨ। ਪੁਲੀਸ ਨੂੰ ਭੀੜ ਨੂੰ ਕੰਟਰੋਲ ਕਰਨ ਲਈ ਸਖ਼ਤੀ ਵਰਤਣੀ ਪਈ। ਧੁੰਦ ਕਾਰਨ ਨਾ ਸਿਰਫ਼ ਹੈਲੀਕਾਪਟਰ ਨਹੀਂ ਉਤਰ ਸਕਿਆ ਸਗੋਂ ਇਲਾਕੇ ਵਿੱਚ ਆਵਾਜਾਈ ਵੀ ਪ੍ਰਭਾਵਿਤ ਹੋਈ। ਇਸੇ ਧੁੰਦ ਕਾਰਨ ਰੈਲੀ ਵੱਲ ਜਾ ਰਹੇ ਤਿੰਨ ਭਾਜਪਾ ਵਰਕਰਾਂ ਦੀ ਟ੍ਰੇਨ ਹੇਠਾਂ ਆਣ ਕਾਰਨ ਮੌਤ ਹੋ ਗਈ ਜਿਸ ਨੂੰ ਪ੍ਰਧਾਨ ਮੰਤਰੀ ਨੇ ਵਰਚੁਅਲ ਸੰਬੋਧਨ ਵਿੱਚ ਸੋਗ ਵਜੋਂ ਯਾਦ ਕੀਤਾ।ਹਵਾਈ ਅੱਡੇ ਤੋਂ ਮਿਲੀਆਂ ਤਾਜ਼ਾ ਖ਼ਬਰਾਂ ਅਨੁਸਾਰ ਵੀਆਈਪੀ ਲਾਊਂਜ ਨੂੰ ਤੁਰੰਤ ਸੰਬੋਧਨ ਵਾਲੀ ਜਗ੍ਹਾ ਵਿੱਚ ਬਦਲਿਆ ਗਿਆ ਤਾਂ ਜੋ ਪ੍ਰਧਾਨ ਮੰਤਰੀ ਵਰਚੁਅਲ ਮੋਡ ਰਾਹੀਂ ਰੈਲੀ ਨੂੰ ਸੰਬੋਧਨ ਕਰ ਸਕਣ। ਸੜਕ ਮਾਰਗ ਰਾਹੀਂ ਜਾਣ ਨਾਲ ਵੱਡੀ ਦੇਰੀ ਹੋਣ ਦੇ ਡਰ ਕਾਰਨ ਵਰਚੁਅਲ ਸੰਬੋਧਨ ਦਾ ਫੈਸਲਾ ਲਿਆ ਗਿਆ। ਪ੍ਰਧਾਨ ਮੰਤਰੀ ਨੇ ਵਰਚੁਅਲੀ ਰੈਲੀ ਨੂੰ ਸੰਬੋਧਨ ਕਰਦਿਆਂ ਬੰਗਾਲ ਦੇ ਵਿਕਾਸ ਤੇ ਜ਼ੋਰ ਦਿੱਤਾ ਅਤੇ ਵਿਰੋਧੀਆਂ ਨੂੰ ਚੁਣੌਤੀ ਦਿੱਤੀ ਕਿ ਉਹ ਭਾਜਪਾ ਨੂੰ ਰੋਕਣ ਪਰ ਬੰਗਾਲ ਦੇ ਵਿਕਾਸ ਨੂੰ ਨਹੀਂ ਰੋਕਣ।ਪ੍ਰਧਾਨ ਮੰਤਰੀ ਦਾ ਅਸਾਮ ਦਾ ਦੋ ਦਿਨਾ ਦੌਰਾ ਵੀ ਨਿਰਧਾਰਿਤ ਸੀ ਜਿੱਥੇ ਉਹ ਗੁਹਾਟੀ ਪਹੁੰਚ ਕੇ ਕਈ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣੇ ਸਨ। ਸਵੇਰੇ ਲਗਭਗ 10:40 ਵਜੇ ਕੋਲਕਾਤਾ ਪਹੁੰਚਣ ਤੋਂ ਬਾਅਦ ਇਹ ਅਣਕਿਆਸੀ ਘਟਨਾ ਵਾਪਰੀ। ਸੰਘਣੀ ਧੁੰਦ ਉੱਤਰ ਭਾਰਤ ਅਤੇ ਪੂਰਬੀ ਖੇਤਰ ਵਿੱਚ ਸਰਦੀਆਂ ਵਿੱਚ ਆਮ ਹੈ ਜੋ ਹਵਾਈ ਅਤੇ ਸੜਕੀ ਆਵਾਜਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਇਸ ਵਾਰ ਵੀ ਧੁੰਦ ਨੇ ਵੱਡੇ ਨੇਤਾ ਦੇ ਪ੍ਰੋਗਰਾਮ ਨੂੰ ਅਸਰ ਹੇਠ ਲਿਆਂਦਾ।ਇਹ ਘਟਨਾ ਰਾਜਨੀਤਿਕ ਤੌਰ ਤੇ ਵੀ ਮਹੱਤਵਪੂਰਨ ਹੈ ਕਿਉਂਕਿ ਪੱਛਮੀ ਬੰਗਾਲ ਵਿੱਚ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਵਿਚਕਾਰ ਤਿੱਖੀ ਟੱਕਰ ਚੱਲ ਰਹੀ ਹੈ।




# ਉੱਤਰੀ ਭਾਰਤ ਵਿੱਚ ਸੰਘਣੀ ਧੁੰਦ ਅਤੇ ਠੰਡ ਦੀ ਚਿਤਾਵਨੀ

ਭਾਰਤੀ ਮੌਸਮ ਵਿਭਾਗ (IMD) ਨੇ 20 ਦਸੰਬਰ 2025 ਨੂੰ ਉੱਤਰੀ ਭਾਰਤ ਵਿੱਚ ਸੰਘਣੀ ਧੁੰਦ ਅਤੇ ਠੰਡ ਦੀ ਚਿਤਾਵਨੀ ਜਾਰੀ ਕੀਤੀ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ-ਐਨਸੀਆਰ, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਨੇ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬ ਵਿੱਚ ਪੱਛਮੀ ਗੜਬੜੀ ਕਾਰਨ 20 ਤੋਂ 22 ਦਸੰਬਰ ਤੱਕ ਹਲਕੀ ਬਾਰਿਸ਼ ਅਤੇ ਤੇਜ਼ ਹਵਾਵਾਂ ਦੀ ਸੰਭਾਵਨਾ ਹੈ। ਪਹਾੜੀ ਇਲਾਕਿਆਂ ਜਿਵੇਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਭਾਰੀ ਬਰਫ਼ਬਾਰੀ ਦੀ ਭਵਿੱਖਬਾਣੀ ਕੀਤੀ ਗਈ ਹੈ।ਦਿੱਲੀ ਵਿੱਚ ਸਵੇਰੇ ਘੱਟ ਦ੍ਰਿਸ਼ਟੀ ਕਾਰਨ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ 150 ਤੋਂ ਵੱਧ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਚੰਡੀਗੜ੍ਹ ਹਵਾਈ ਅੱਡੇ ਤੇ ਵੀ ਕਈ ਉਡਾਣਾਂ ਨੂੰ ਜੈਪੁਰ ਵੱਲ ਮੋੜ ਦਿੱਤਾ ਗਿਆ। ਰੇਲ ਗੱਡੀਆਂ ਕਈ ਘੰਟੇ ਦੇਰੀ ਨਾਲ ਚੱਲ ਰਹੀਆਂ ਹਨ ਅਤੇ ਸੜਕੀ ਆਵਾਜਾਈ ਵਿੱਚ ਵੀ ਵਿਘਨ ਪਿਆ ਹੈ। ਪੰਜਾਬ ਅਤੇ ਹਰਿਆਣਾ ਵਿੱਚ ਰੋਡਵੇਜ਼ ਬੱਸਾਂ ਨੂੰ ਰਾਤ ਸਮੇਂ ਰੱਦ ਕਰ ਦਿੱਤਾ ਗਿਆ ਹੈ।

ਹਵਾ ਦੀ ਗੁਣਵੱਤਾ (AQI) ਨੂੰ ਲੈ ਕੇ ਵੀ ਚਿੰਤਾ ਵਧੀ ਹੈ। ਦਿੱਲੀ ਵਿੱਚ ਆਨੰਦ ਵਿਹਾਰ ਅਤੇ ਵਜ਼ੀਰਪੁਰ ਵਿੱਚ AQI 400 ਤੋਂ ਵੱਧ ਰਿਕਾਰਡ ਕੀਤਾ ਗਿਆ, ਜੋ ਗੰਭੀਰ ਸ਼੍ਰੇਣੀ ਵਿੱਚ ਆਉਂਦਾ ਹੈ। ਕਈ ਇਲਾਕਿਆਂ ਵਿੱਚ AQI ਬਹੁਤ ਖਰਾਬ ਤੋਂ ਖਤਰਨਾਕ ਪੱਧਰ ਤੇ ਪਹੁੰਚ ਗਿਆ ਹੈ। ਧੁੰਦ ਅਤੇ ਪ੍ਰਦੂਸ਼ਣ ਨੇ ਮਿਲ ਕੇ ਸਥਿਤੀ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ।ਮੌਸਮ ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਧੁੰਦ ਵਿੱਚ ਗੱਡੀ ਚਲਾਉਂਦੇ ਸਮੇਂ ਬਹੁਤ ਸਾਵਧਾਨੀ ਵਰਤੋ, ਲੋ ਬੀਮ ਲਾਈਟਾਂ ਵਰਤੋ ਅਤੇ ਠੰਡ ਤੋਂ ਬਚਣ ਲਈ ਗਰਮ ਕੱਪੜੇ ਪਹਿਨੋ। ਬੱਚੇ, ਬਜ਼ੁਰਗ ਅਤੇ ਸਾਹ ਦੀ ਬਿਮਾਰੀ ਵਾਲੇ ਲੋਕ ਬਾਹਰ ਨਿਕਲਣ ਤੋਂ ਪਰਹੇਜ਼ ਕਰਨ। ਅਗਲੇ ਦਿਨਾਂ ਵਿੱਚ ਵੀ ਧੁੰਦ ਅਤੇ ਠੰਡ ਜਾਰੀ ਰਹਿਣ ਦੀ ਸੰਭਾਵਨਾ ਹੈ, ਇਸ ਲਈ ਯਾਤਰਾ ਕਰਨ ਵਾਲੇ ਲੋਕ ਅਪਡੇਟ ਲੈਂਦੇ ਰਹਿਣ। ਇਹ ਮੌਸਮੀ ਸਥਿਤੀ ਆਮ ਜੀਵਨ ਨੂੰ ਪ੍ਰਭਾਵਿਤ ਕਰ ਰਹੀ ਹੈ, ਇਸ ਲਈ ਸਾਰੇ ਲੋਕ ਸੁਚੇਤ ਰਹਿਣ।

# ਪ੍ਰਸਿੱਧ ਸਮਾਜ ਸੇਵਿਕਾ ਜਤਿੰਦਰ ਕੌਰ ਨੂੰ ਹਿਊਮਨ ਰਾਇਟਸ ਕਮਿਸ਼ਨ ਆਫ਼ ਯੂਨਾਈਟਡ ਨੇਸ਼ਨਜ਼ ਵੱਲੋਂ ਆਨਰੇਰੀ ਅੰਬੈਸਡਰ ਨਿਯੁਕਤ ਕੀਤਾ ਗਿਆ

**ਲੰਮੇ ਸਮੇਂ ਤੋਂ ਚੱਲ ਰਹੇ ਸਮਾਜਿਕ ਕਾਰਜਾਂ ਅਤੇ ਮਨੁੱਖੀ ਅਧਿਕਾਰਾਂ ਲਈ ਵਕਾਲਤ ਦੀ ਪ੍ਰਸੰਸਾ ਵਜੋਂ**



ਭਵਾਨੀਗੜ੍ਹ (ਸੰਗਰੂਰ) ਤੋਂ ਇੱਕ ਵੱਡੀ ਅਤੇ ਖੁਸ਼ੀ ਵਾਲੀ ਖ਼ਬਰ ਸਾਹਮਣੇ ਆਈ ਹੈ। ਪਿੰਡ ਬਾਲਦ ਕਲਾਂ ਦੀ ਰਹਿਣ ਵਾਲੀ ਪ੍ਰਸਿੱਧ ਸਮਾਜ ਸੇਵਿਕਾ ਜਤਿੰਦਰ ਕੌਰ ਨੂੰ ਹਿਊਮਨ ਰਾਇਟਸ ਕਮਿਸ਼ਨ ਆਫ਼ ਯੂਨਾਈਟਡ ਨੇਸ਼ਨਜ਼ (ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ) ਵੱਲੋਂ ਆਨਰੇਰੀ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਜਤਿੰਦਰ ਕੌਰ ਦੇ ਲੰਮੇ ਸਮੇਂ ਤੋਂ ਚੱਲ ਰਹੇ ਸਮਾਜਿਕ ਕਾਰਜਾਂ ਅਤੇ ਮਨੁੱਖੀ ਅਧਿਕਾਰਾਂ ਲਈ ਵਕਾਲਤ ਦੀ ਪ੍ਰਸੰਸਾ ਵਜੋਂ ਕੀਤੀ ਗਈ ਹੈ।ਜਤਿੰਦਰ ਕੌਰ ਲੰਬੇ ਸਮੇਂ ਤੋਂ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ, ਖ਼ਾਸਕਰ ਪੰਜਾਬੀਆਂ ਦੇ ਅਧਿਕਾਰਾਂ ਲਈ ਆਵਾਜ਼ ਉਠਾਉਂਦੀ ਰਹੀ ਹਨ। ਉਨ੍ਹਾਂ ਨੇ ਕਿਸਾਨਾਂ ਦੀ ਭਲਾਈ, ਨਸ਼ਾ ਰੋਕਥਾਮ ਅਤੇ ਨੀਤੀਗਤ ਸੁਧਾਰਾਂ ਵਰਗੇ ਮਹੱਤਵਪੂਰਨ ਮੁੱਦਿਆਂ ਉੱਤੇ ਲਗਾਤਾਰ ਕੰਮ ਕੀਤਾ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਅਧਿਕਾਰੀਆਂ ਅਤੇ ਸੰਸਥਾਵਾਂ ਨਾਲ ਉਨ੍ਹਾਂ ਦਾ ਸਰਗਰਮ ਸੰਪਰਕ ਰਿਹਾ ਹੈ। ਵਿਦੇਸ਼ੀ ਧਰਤੀ ਉੱਤੇ ਰਹਿੰਦੇ ਪੰਜਾਬੀ ਭਾਈਚਾਰੇ ਨਾਲ ਜੁੜੇ ਮਸਲਿਆਂ ਉੱਤੇ ਉਨ੍ਹਾਂ ਦੀ ਸਰਗਰਮੀ ਨੇ ਉਨ੍ਹਾਂ ਨੂੰ ਕਈ ਸਨਮਾਨ ਦਿਵਾਏ ਹਨ।ਆਪਣੀ ਇਸ ਨਿਯੁਕਤੀ ਉੱਤੇ ਪ੍ਰਤੀਕਿਰਿਆ ਦਿੰਦਿਆਂ ਜਤਿੰਦਰ ਕੌਰ ਨੇ ਕਿਹਾ ਕਿ ਇਹ ਜ਼ਿੰਮੇਵਾਰੀ ਉਨ੍ਹਾਂ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਦੀ ਹੈ। ਉਹ ਭਾਰਤੀਆਂ, ਖ਼ਾਸ ਤੌਰ ਤੇ ਪੰਜਾਬੀਆਂ, ਕਿਸਾਨਾਂ ਅਤੇ ਗਲੋਬਲ ਭਾਰਤੀ ਭਾਈਚਾਰੇ ਦੀ ਆਵਾਜ਼ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਉਠਾਉਣ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਵਿਸ਼ਵ ਮੰਚਾਂ ਉੱਤੇ ਯੋਗ ਧਿਆਨ ਦਿਵਾਉਣ ਲਈ ਵਚਨਬੱਧ ਹਨ। ਉਨ੍ਹਾਂ ਨੇ ਕਿਹਾ ਕਿ ਇਹ ਨਿਯੁਕਤੀ ਉਨ੍ਹਾਂ ਲਈ ਨਵੀਂ ਊਰਜਾ ਅਤੇ ਪ੍ਰੇਰਨਾ ਦਾ ਸਰੋਤ ਹੈ।ਇਸ ਖ਼ਬਰ ਨੇ ਪਿੰਡ ਬਾਲਦ ਕਲਾਂ ਵਿੱਚ ਖੁਸ਼ੀ ਦੀ ਲਹਿਰ ਦੌੜਾ ਦਿੱਤੀ ਹੈ। ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਤਿੰਦਰ ਕੌਰ ਦੀ ਇਸ ਪ੍ਰਾਪਤੀ ਨਾਲ ਪੂਰੇ ਪਿੰਡ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਨੂੰ ਆਪਣੀ ਧੀ ਵਜੋਂ ਦੇਖ ਕੇ ਪਿੰਡ ਵਾਸੀਆਂ ਦੇ ਚਿਹਰੇ ਖਿੜ ਗਏ ਹਨ।

# "ਖੁਦ ਦੀ ਔਕਾਤ ਹੋਵੇਗੀ ਤਾਂ ਦੁਨੀਆ ਕਦਰ ਕਰੇਗੀ ।



"ਖੁਦ ਦੀ ਔਕਾਤ ਹੋਵੇਗੀ ਤਾਂ ਦੁਨੀਆ ਕਦਰ ਕਰੇਗੀ । ਕਿਸੇ ਦੇ ਖੱਬੇ ਸੱਜੇ ਖੜ੍ਹੇ ਹੋਣ ਨਾਲ ਕਿਰਦਾਰ ਉੱਚੇ ਨਹੀਂ ਹੁੰਦੇ।"

ਕੁੱਝ ਲੋਕਾਂ ਨੂੰ ਮੈਂ ਕਹਿੰਦੇ ਸੁਣਿਆ ਕਿ ਫਲਾਣਾ ਜੀ ਮੇਰਾ ਰਿਸ਼ਤੇਦਾਰ ਆ ਬੜਾ ਅਮੀਰ ਆ ਓਹਦੇ ਕੋਲ ਆਹ ਗੱਡੀ ਆ ਏਡੀ ਵੱਡੀ ਕੋਠੀ ਆ ,ਚਲੋ ਹੋਵੇਗੀ.... ਓਹਦੀ ਅਮੀਰੀ ਦਾ ਓਹਦੀ ਕੋਠੀ ਦਾ ਓਹਦੀ ਗੱਡੀ ਦਾ ਭਾਅ ਉਹਨੂੰ ਹੋਵੇਗਾ, ਵਿਚਾਰਿਆ ਤੈਨੂੰ ਕੀ ਮਿਲਿਆ , ਤੈਨੂੰ ਓਹਨੇ ਗੱਡੀ ਮੰਗਣ ਤੇ ਨਹੀਂ ਦੇ ਦੇਣੀ ,ਤੈਨੂੰ ਓਹਨੇ ਆਪਣੀ ਕੋਠੀ ਵਿੱਚ ਨਹੀਂ ਰੱਖ ਲੈਣਾ । ਮੇਰਾ ਕਹਿਣ ਦਾ ਭਾਵ ਇਹ ਵੀ ਨਹੀਂ ਕਿ ਤੂੰ ਅਗਲੇ ਤੋਂ ਸੜ,ਈਰਖਾ ਕਰ ,ਕੋਈ ਰਿਸ਼ਤੇਦਾਰ ਅਮੀਰ ਹੈ ਤਾਂ ਖੁਸ਼ ਹੋਵੋ, ਪਰ ਓਹਦੀ ਅਮੀਰੀ ਤੁਹਾਡੇ ਕਿਰਦਾਰ ਨੂੰ ਨਹੀਂ ਉੱਚਾ ਕਰ ਸਕਦੀ ,ਕਿਸੇ ਨੇ ਵੀ ਤੁਹਾਡੀ ਇਸ ਗੱਲ ਵਿੱਚ ਸਿਫ਼ਤ ਨਹੀਂ ਕਰਨੀ ਕਿ ਤੁਸੀਂ ਫਲਾਣੇ ਫਲਾਣੇ ਵਿਅਕਤੀ ਦੇ ਰਿਸ਼ਤੇਦਾਰ ਹੋ ਜੋ ਕਿ ਬਹੁਤ ਅਮੀਰ ਹੈ। ਤੁਹਾਡੀ ਸਿਫ਼ਤ ਤੁਹਾਡੀ ਆਪਣੀ ਹੋਂਦ ਨੇ ਕਰਾਉਣੀ ਹੈ ,ਉਸ ਹੋਂਦ ਨੂੰ ਬਣਾਉਣ ਲਈ ਤੁਹਾਡਾ ਅਮੀਰ ਹੋਣਾ ਲਾਜ਼ਮੀ ਨਹੀਂ ਆ, ਉਸ ਹੋਂਦ ਨੂੰ ਬਣਾਉਣ ਲਈ ਤੁਹਾਨੂੰ ਆਪਣੇ ਅੰਦਰ ਦੇ ਉਸ ਹੁਨਰ, ਗੁਣ ਨੂੰ ਪਛਾਨਣ ਦੀ ਲੋੜ ਹੈ ਜਿਸਨੂੰ ਤੁਸੀਂ ਆਪਣੀ ਮਿਹਨਤ ਦੇ ਸਦਕਾ ਸੰਵਾਰ ਸਕਦੇ ਹੋ ,ਓਹੀ ਗੁਣ ਤੁਹਾਡੇ ਕਿਰਦਾਰ ਨੂੰ ਦੁਨੀਆ ਵਿੱਚ ਇੱਕ ਪਹਿਚਾਣ ਦਿਵਾਏਗਾ। ਮੈਂ ਇਹ ਵੀ ਨਹੀਂ ਕਹਿੰਦੀ ਕਿ ਕਿਸੇ ਦੀ ਸਿਫ਼ਤ ਵਡਿਆਈ ਨਾ ਕੀਤੀ ਜਾਵੇ ,ਕਰਨੀ ਚਾਹੀਦੀ ਹੈ ਉਸਦੇ ਉੱਚੇ ਕਿਰਦਾਰ ਦੀ ,ਉੱਚੀ ਪਦਵੀ ਦੀ ਜੋ ਅਗਲੇ ਨੇ ਮਿਹਨਤ ਦੇ ਬਲਬੂਤੇ ਤੇ ਹਾਸਿਲ ਕੀਤੀ ਹੋਵੇ,ਕਿਸੇ ਦੀ ਕਲਾ ਦੀ ,ਹੁਨਰ ਦੀ, ਹਲੀਮੀ ਦੀ, ਸਬਰ ਦੀ, ਸੰਤੋਖ ਦੀ ਇਹ ਗੱਲਾਂ ਸਿਫ਼ਤ ਸਲਾਹ ਕਰਨ ਵਾਲੀਆਂ ਨੇ ,ਨਾ ਕਿ ਜੀ ਫਲਾਣਾ ਅਮੀਰ ਬੜਾ ,ਅਮੀਰੀ ਦੇਣ ਵਾਲਾ ਪ੍ਰਮਾਤਮਾ ,ਅਮੀਰੀ ਗੁਣਾਂ ਦੀ ਹੋਣੀ ਚਾਹੀਦੀ ਹੈ । ਪੈਸੇ ਦੀ ਅਮੀਰੀ ਕਾਹਦੀ ਜੇਕਰ ਅਗਲਾ ਘਮੰਡ ਨਾਲ ਭਰਿਆ ਹੋਵੇ। ਸੋ ਆਪਣੇ ਕਿਰਦਾਰ ਨੂੰ ਸੰਵਾਰੋ ਜਿਸਦੀ ਦੁਨੀਆ ਆਪ ਮੁਹਾਰੇ ਸਿਫ਼ਤ ਕਰੇ।

ਹਰਵਿੰਦਰ ਕੌਰ ਕਾਹਲੋਂ

# ਹਕੀਕੀ ਕਾਵਿ ਵਿਅੰਗ



ਕਤਲ ਡਕੈਤੀਆਂ ਫਿਰੌਤੀਆਂ ਦਾ ਹੈ ਬੋਲ ਬਾਲਾ,
ਵੇਖੋ ਗੈਂਗਵਾਰ ਵੀ ਹੈ ਥਾਂ ਥਾਂ ਫ਼ਨ ਫੈਲਾਈ ਬੈਠਾ।
ਲਾਟਰੀ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ,
ਇਹ ਤਾਂ ਜਾਲ ਵਿਛਾ ਕੇ ਘਾਤ ਲਗਾਈ ਬੈਠਾ।
ਪੰਜਾਬ ਚ ਅਮਨ ਕਾਨੂੰਨ ਦੀ ਸਥਿਤੀ ਡਾਵਾਂਡੋਲ ਹੋਈ,
ਹਰ ਪੰਜਾਬ ਵਾਸੀ ਇਹ ਦਿਲ ਤੇ ਗੱਲ ਹੈ ਲਾਈ ਬੈਠਾ।
ਰੰਗਲਾ ਨਹੀਂ, ਪੰਜਾਬ ਕੰਗਲਾ ਜਰੂਰ ਹੋਈ ਜਾਂਦਾ,
ਇਹੀ ਫਿਕਰ ਸਭਨਾਂ ਨੂੰ ਹੀ ਹੈ ਸਤਾਈ ਬੈਠਾ।
ਆਉਂਦੇ ਲੱਗਦੇ ਨਹੀਂ ਵੀਰੋ ਪੰਜਾਬ ਚ ਦਿਨ ਚੰਗੇ,
ਇਹ ਆਸ ਤਾਂ ਦਿਲੋਂ ਹਰ ਕੋਈ ਢਾਈ ਬੈਠਾ।
ਉਂਝ ਛਲਣੀ ਹੋਏ ਪਏ ਨੇ ਦਿਲ ਪੰਜਾਬੀਆਂ ਦੇ,
ਭੜਾਸ ਕੱਢੇ ਨਾ ਦਿਲੋਂ ਹਰ ਕੋਈ ਗੱਲ ਛੁਪਾਈ ਬੈਠਾ।
ਕੀ ਇਹੀ ਧਰਤੀ ਗੁਰੂਆਂ ਪੀਰਾਂ ਦੀ ਹੈ ਪੰਜਾਬ ਵੀਰੋ?
ਜਿਥੇ ਢੋਲੇ ਮਾਹੀਏ ਲੁਡੀਆਂ ਅਸੀਂ ਰਲ ਪਾਵਦੇ ਸਾਂ।
ਦੁਖ ਦਰਦ ਨਾ ਸਹਿੰਦੇ ਸੀ ਕਦੇ ਆਂਡ ਗਵਾਂਢ ਦਾ ਵੀ
ਡਿੱਗੇ ਹੋਏ ਦੁਸ਼ਮਣ ਨੂੰ ਵੀ ਜਾ ਹਿੱਕ ਨਾਲ ਲਾਂਵਦੇ ਸਾਂ।

ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

# ਕੰਮ ਹੁੰਦੇ ਝਮੇਲੇ ਨਹੀਂ ਹੁੰਦੇ ਵਿਹਲੇ ਵੀ ਇੱਕ ਦਿਨ ਵਿਹਲੇ ਨਹੀਂ ਹੁੰਦੇ।



ਕੰਮ ਹੁੰਦੇ ਝਮੇਲੇ ਨਹੀਂ ਹੁੰਦੇ ,
ਵਿਹਲੇ ਵੀ ਇੱਕ ਦਿਨ ਵਿਹਲੇ ਨਹੀਂ ਹੁੰਦੇ।
ਜਿਨ੍ਹਾਂ ਦੇ ਬੋਝੇ 'ਚ ਧੇਲੇ ਨਹੀਂ ਹੁੰਦੇ ,
ਉਹਨਾਂ ਲਈ ਮੇਲੇ ਵੀ ਮੇਲੇ ਨਹੀਂ ਹੁੰਦੇ ।
ਹੁੰਦੀ ਨਹੀਂ ਜਿਨ੍ਹਾਂ ਦੇ ਪੱਲੇ ਸਿਆਣਪ ,
ਉਹ ਦਾਦੀ ਦੀ ਗੋਦੀ 'ਚ ਖੇਲੇ ਨਹੀਂ ਹੁੰਦੇ ।
ਰੂਹਾਂ ਨੂੰ ਛੱਡਕੇ ਜੋ ਜਿਸਮਾਂ ਨੂੰ ਤੱਕਦੇ ,
ਉਹ ਅਸਲੋਂ ਗੋਰਖ ਦੇ ਚੇਲੇ ਨਹੀਂ ਹੁੰਦੇ ।

ਗੁਰਵੀਰ ਅਤਫ਼

**ਅਦਾਰਾ ਸੀ7 ਨਿਊਜ਼ ਵਿੱਚ ਕਵਿਤਾਵਾਂ, ਕਹਾਣੀਆਂ, ਗੀਤ,ਗਜ਼ਲ, ਸਮੀਖਿਆ, ਜੀਵਨੀ ਆਦਿ ਪਬਲਿਸ਼ ਕਰਵਾਉਣ ਲਈ ਭੇਜੋ।O 91 98155—61022**

# ਔਰਤ ਅਤੇ ਮਰਦ ਦੀ ਇੱਕ ਦੂਜੇ ਪ੍ਰਤੀ ਖਿੱਚ ਕੁਦਰਤੀ ਹੈ



ਔਰਤ ਅਤੇ ਮਰਦ ਦੀ ਇੱਕ ਦੂਜੇ ਪ੍ਰਤੀ ਖਿੱਚ ਕੁਦਰਤੀ ਹੈ। ਦੋਵੇਂ ਇੱਕ ਦੂਜੇ ਤੋਂ ਬਿਨਾਂ ਸੰਪੂਰਨ ਨਹੀਂ ਹੋ ਸਕਦੇ। ਇੱਕ ਦੂਜੇ ਦੀ ਮੌਜੂਦਗੀ ਵਿੱਚ ਦੋਨਾਂ ਨੂੰ ਇੱਕ ਵੱਖਰੇ ਕਿਸਮ ਦਾ ਅਹਿਸਾਸ ਹੁੰਦਾ ਹੈ ਜਿਸਨੂੰ ਸੁਰੱਖਿਆ ਦਾ ਅਹਿਸਾਸ ਜਾਂ ਸਕੂਨ ਕਹਿ ਸਕਦੇ ਹਾਂ। ਦੋਵਾਂ ਚੋਂ ਕੋਈ ਇੱਕ ਕਿੰਨਾ ਵੀ ਪਰੇਸ਼ਾਨ ਕਿਉਂ ਨਾ ਹੋਵੇ ਦੂਸਰੇ ਦੇ ਕੋਲ ਹੋਣ ਦੇ ਅਹਿਸਾਸ ਨਾਲ ਥੋੜ੍ਹਾ ਜਿਹਾ ਸ਼ਾਂਤ ਹੋ ਜਾਂਦਾ ਹੈ। ਇਹ ਗੱਲਾਂ ਅਸੀਂ ਅਕਸਰ ਜ਼ਿੰਦਗੀ ਵਿੱਚ ਵੇਖਦੇ ਤੇ ਮਹਿਸੂਸ ਕਰਦੇ ਹਾਂ। ਵਿਗਿਆਨ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇੱਕ ਪੁਰਸ਼ ਪਰੇਸ਼ਾਨ ਬਲਾ ਵਿੱਚ ਜਦੋਂ ਔਰਤ ਦੀ ਆਵਾਜ਼ ਸੁਣਦਾ ਹੈ ਤਾਂ ਉਸ ਦੇ ਦਿਲ ਦੀ ਧੜਕਣ ਹੌਲੀ ਹੋ ਜਾਂਦੀ ਹੈ। ਉਸਨੂੰ ਕੁਝ ਰਾਹਤ ਮਿਲਦੀ ਹੈ। ਮਨੁੱਖ ਦੇ ਮਨ ਵਿੱਚ ਕਿਸੇ ਵੀ ਸਥਿਤੀ ਵਿੱਚ ਫਾਈਟ ਜਾਂ ਫਲਾਈਟ ਦਾ ਮੋਡ ਹੁੰਦਾ ਹੈ। ਮਨੁੱਖ ਜਾਂ ਤਾਂ ਉਸ ਸਥਿਤੀ ਵਿੱਚ ਰਹਿ ਕੇ ਲੜਨਾ ਚਾਹੁੰਦਾ ਹੈ ਤੇ ਜਾਂ ਉਥੋਂ ਦੂਰ ਚਲਾ ਜਾਣਾ ਚਾਹੁੰਦਾ ਹੈ। ਅਜਿਹੇ ਵਿੱਚ ਇੱਕ ਔਰਤ ਦੀ ਆਵਾਜ਼ ਉਸ ਪੁਰਸ਼ ਦੀ ਵੈਗਸ ਨਰਵ ਤੇ ਪ੍ਰਭਾਵ ਪਾਉਂਦੀ ਹੈ। ਉਹ ਉਸਦੇ ਮਨ ਨੂੰ ਸ਼ਾਂਤ ਕਰਦੀ ਹੈ। ਉਸ ਦੇ ਦਿਲ ਦੀ ਧੜਕਣ ਨੂੰ ਨੋਰਮਲ ਕਰਦੀ ਹੈ। ਅਜਿਹਾ ਖੋਜ ਕਤਾਵਾਂ ਨੇ ਆਪਣੀ ਖੋਜ ਵਿੱਚ ਵੇਖਿਆ ਹੈ। ਇੱਕ ਔਰਤ ਦੀ ਆਵਾਜ਼ ਇੱਕ ਮਰਦ ਦੇ ਸਰੀਰਕ ਪ੍ਰਤੀਕਿਰਿਆ 'ਤੇ ਡੂੰਘਾ ਪ੍ਰਭਾਵ ਪਾ ਸਕਦੀ ਹੈ, ਖਾਸ ਕਰਕੇ ਜਦੋਂ ਚਿੰਤਾ ਨੂੰ ਘੱਟ ਕਰਨ ਅਤੇ ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਨ ਦੀ ਗੱਲ ਆਉਂਦੀ ਹੈ। ਅਧਿਐਨ ਦਰਸਾਉਂਦੇ ਹਨ ਕਿ ਇੱਕ ਔਰਤ ਦੀ ਆਵਾਜ਼ ਦੀ ਆਵਾਜ਼ ਇੱਕ ਆਦਮੀ ਦੇ ਵੈਗਸ ਨਰਵ ਨੂੰ ਉਤੇਜਿਤ ਕਰ ਸਕਦੀ ਹੈ, ਦਿਲ ਦੀ ਧੜਕਣ ਅਤੇ ਸਰੀਰ ਦੇ ਤਣਾਅ ਪ੍ਰਤੀਕਿਰਿਆ ਨੂੰ ਨਿਯਮਤ ਕਰਨ ਦਾ ਕੰਮ ਇਹ ਬੜੀ ਕਰਦੀ ਹੈ। ਆਵਾਜ਼ ਅਤੇ ਸਰੀਰ ਵਿਚਕਾਰ ਇਹ ਵਿਲੱਖਣ ਸਬੰਧ ਸਾਡੀਆਂ ਭਾਵਨਾਵਾਂ ਅਤੇ ਸਰੀਰਕ ਸਥਿਤੀਆਂ ਨੂੰ ਨਿਯਮਤ ਕਰਨ ਵਿੱਚ ਮਨੁੱਖੀ ਪਰਸਪਰ ਪ੍ਰਭਾਵ ਅਤੇ ਸੰਚਾਰ ਦੁਆਰਾ ਨਿਭਾਈ ਜਾਣ ਵਾਲੀ ਸ਼ਕਤੀਸ਼ਾਲੀ ਭੂਮਿਕਾ ਨੂੰ ਉਜਾਗਰ ਕਰਦਾ ਹੈ।ਇਹ ਵਰਤਾਰਾ ਸਾਡੀਆਂ ਆਵਾਜ਼ਾਂ ਦੇ ਇੱਕ ਦੂਜੇ 'ਤੇ ਡੂੰਘੇ ਪ੍ਰਭਾਵ ਦੀ ਯਾਦ ਦਿਵਾਉਂਦਾ ਹੈ। ਤਣਾਅ ਜਾਂ ਚਿੰਤਾ ਦੇ ਪਲਾਂ ਵਿੱਚ, ਇੱਕ ਕਿਸਮ ਦੀ, ਸ਼ਾਂਤ ਕਰਨ ਵਾਲੀ ਆਵਾਜ਼ ਦਾ ਸ਼ਾਂਤ ਪ੍ਰਭਾਵ ਸੁਰੱਖਿਆ ਅਤੇ ਆਰਾਮ ਦੀ ਭਾਵਨਾ ਪੈਦਾ ਕਰ ਸਕਦਾ ਹੈ। ਇਸ ਆਡੀਟੋਰੀਅਲ ਕਨੈਕਸ਼ਨ ਦੁਆਰਾ ਕਿਰਿਆਸ਼ੀਲ ਹੁੰਦੀ ਹੈ ਵੈਗਸ ਨਰਵ ਜੋ ਕਿ ਇੱਕ ਦੌੜਦੇ ਦਿਲ ਨੂੰ ਹੌਲੀ ਕਰਨ ਅਤੇ ਇੱਕ ਚਿੰਤਤ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦੀ ਹੈ।

ਇੱਕ ਆਦਮੀ ਦੇ ਦਿਲ ਦੀ ਧੜਕਣ 'ਤੇ ਇੱਕ ਔਰਤ ਦੀ ਆਵਾਜ਼ ਦਾ ਪ੍ਰਭਾਵ ਮਨੁੱਖਾਂ ਵਿਚਕਾਰ ਡੂੰਘੇ ਸਬੰਧ ਨੂੰ ਵੀ ਦਰਸਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਅਸੀਂ, ਸਮਾਜਿਕ ਜੀਵ ਹੋਣ ਦੇ ਨਾਤੇ, ਦੂਜਿਆਂ ਦੀ ਮੌਜੂਦਗੀ ਅਤੇ ਸ਼ਬਦਾਂ ਦਾ ਜਵਾਬ ਦੇਣ ਲਈ ਕਿਵੇਂ ਜੁੜੇ ਹੋਏ ਹਾਂ - ਅਸੀਂ ਆਪਣੇ ਆਪਸੀ ਤਾਲਮੇਲ ਅਤੇ ਸਬੰਧਾਂ ਦੁਆਰਾ ਕਿਵੇਂ ਆਕਾਰ ਪ੍ਰਾਪਤ ਕਰਦੇ ਹਾਂ। ਇੱਕ ਆਵਾਜ਼ ਦਾ ਸੁਰ, ਸੁਰ ਅਤੇ ਤਾਲ ਸਿਰਫ਼ ਸ਼ਬਦਾਂ ਤੋਂ ਵੱਧ ਕੁਝ ਵੀ ਦੱਸ ਸਕਦੇ ਹਨ; ਉਹ ਭਰੋਸਾ, ਦੇਖਭਾਲ ਅਤੇ ਸਹਾਇਤਾ ਦੀ ਭਾਵਨਾ ਲੈ ਸਕਦੇ ਹਨ।ਇਹ ਅਧਿਐਨ ਸਾਨੂੰ ਉਨ੍ਹਾਂ ਤਰੀਕਿਆਂ 'ਤੇ ਵਿਚਾਰ ਕਰਨ ਲਈ ਵੀ ਸੱਦਾ ਦਿੰਦਾ ਹੈ ਜਿਨ੍ਹਾਂ ਵਿੱਚ ਅਸੀਂ ਇੱਕ ਦੂਜੇ ਨਾਲ ਸੰਚਾਰ ਕਰਦੇ ਹਾਂ, ਨਾ ਸਿਰਫ਼ ਤਣਾਅ ਦੇ ਪਲਾਂ ਵਿੱਚ ਸਗੋਂ ਰੋਜ਼ਾਨਾ ਜੀਵਨ ਵਿੱਚ ਵੀ। ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਦਿਲਾਸਾ ਦੇਣ ਅਤੇ ਸਮਝ ਪ੍ਰਦਾਨ ਕਰਨ ਲਈ ਆਪਣੀਆਂ ਆਵਾਜ਼ਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ? ਅਸੀਂ ਆਪਣੇ ਸ਼ਬਦਾਂ ਅਤੇ ਸੁਰਾਂ ਨੂੰ ਸਾਡੀ ਜ਼ਿੰਦਗੀ ਵਿੱਚ ਲੋਕਾਂ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ, ਇਸ ਬਾਰੇ ਹੋਰ ਕਿਵੇਂ ਧਿਆਨ ਦੇ ਸਕਦੇ ਹਾਂ?ਜਿਵੇਂ ਕਿ ਅਸੀਂ ਮਨੁੱਖੀ ਆਵਾਜ਼ ਦੀ ਸ਼ਕਤੀ 'ਤੇ ਵਿਚਾਰ ਕਰਦੇ ਹਾਂ, ਸਾਨੂੰ ਯਾਦ ਦਿਵਾਇਆ ਜਾਂਦਾ ਹੈ ਕਿ ਅਸੀਂ ਆਪਣੇ ਸ਼ਬਦਾਂ ਅਤੇ ਮੌਜੂਦਗੀ ਦੁਆਰਾ ਡੂੰਘਾਈ ਨਾਲ ਆਪਸ ਵਿੱਚ ਜੁੜੇ ਹੋਏ ਹਾਂ। ਸਾਡੀਆਂ ਆਵਾਜ਼ਾਂ ਵਿੱਚ ਚੰਗਾ ਕਰਨ, ਦਿਲਾਸਾ ਦੇਣ ਅਤੇ ਦੂਜਿਆਂ ਨਾਲ ਸਾਂਝੇ ਕੀਤੇ ਗਏ ਬੰਧਨਾਂ ਨੂੰ ਮਜ਼ਬੂਤ ਕਰਨ ਦੀ ਸ਼ਕਤੀ ਹੈ। ਇੱਕ ਆਵਾਜ਼ ਦੀ ਆਵਾਜ਼ ਦਾ ਤੁਹਾਡੇ 'ਤੇ ਕੀ ਪ੍ਰਭਾਵ ਪੈਂਦਾ ਹੈ? ਤੁਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਦਾ ਸਮਰਥਨ ਕਰਨ ਲਈ ਆਪਣੀ ਆਵਾਜ਼ ਦੀ ਵਰਤੋਂ ਕਿਵੇਂ ਕਰਦੇ ਹੋ ਇਸ ਦੀ ਸਮਝ ਸਾਡੀ ਜ਼ਿੰਦਗੀ ਨੂੰ ਬਦਲ ਸਕਦੀ ਹੈ। ਇਹ ਸਾਡੀ ਹੀ ਨਹੀਂ ਸਾਡੇ ਆਪਣਿਆਂ ਦੀ ਜ਼ਿੰਦਗੀ ਨੂੰ ਵੀ ਬਦਲ ਸਕਦੀ ਹੈ। ਅਕਸਰ ਅਜਿਹੇ ਪਲਾਂ ਵਿੱਚ ਅਸੀਂ ਦੂਸਰੇ ਨੂੰ ਹੋਰ ਵੀ ਅਸ਼ਾਂਤ ਕਰ ਦਿੰਦੇ ਹਾਂ। ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਸਾਡੀ ਆਵਾਜ਼ ਸਾਡਾ ਸੁਰ ਸਾਡੀ ਗੱਲ ਕਿਸੇ ਨੂੰ ਕਿਵੇਂ ਸ਼ਾਂਤ ਕਰ ਸਕਦੀ ਹੈ। ਮਨੁੱਖੀ ਰਿਸ਼ਤਿਆਂ ਨੂੰ ਬਿਹਤਰ ਬਣਾਉਣ ਲਈ ਬਹੁਤ ਜਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਸਮਝੀਏ ਤੇ ਜਾਣੀਏ ਕਿ ਅਸੀਂ ਕਿਵੇਂ ਇੱਕ ਦੂਜੇ ਲਈ ਸਕੂਨ ਦਾ ਕਾਰਨ ਬਣ ਸਕਦੇ ਹਾਂ। ਕਿਵੇਂ ਅਸੀਂ ਆਪਣੀ ਆਵਾਜ਼ ਨਾਲ ਕਿਸੇ ਨੂੰ ਪਰੇਸ਼ਾਨੀ ਦੇ ਆਲਮ ਚੋਂ ਬਾਹਰ ਕੱਢ ਸ਼ਾਂਤ ਕਰ ਸਕਦੇ ਹਾਂ। ਸ਼ਬਦਾਂ ਦਾ ਜਾਦੂ ਹੁੰਦਾ ਕਮਾਲ ਹੀ ਹੈ। ਤੁਹਾਡੀ ਆਵਾਜ਼ ਤੁਹਾਡਾ ਸੁਰ ਇਹ ਨਿਰਧਾਰਿਤ ਕਰਦਾ ਹੈ ਕਿ ਤੁਹਾਡੀ ਗੱਲ ਦਾ ਕੀ ਅਸਰ ਪਵੇਗਾ। ਇਹ ਹੁਣ ਤੁਸੀਂ ਵੇਖਣਾ ਹੈ ਕਿ ਤੁਸੀਂ ਇਸ ਨੂੰ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ। ਇਹ ਯਕੀਨੀ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਾਡੀ ਆਵਾਜ਼ ਤੇ ਸੁਰ ਘਟਨਾਵਾਂ ਨੂੰ ਬਹਿਸ ਨੂੰ ਅਤੇ ਪਰੇਸ਼ਾਨੀਆਂ ਨੂੰ ਵੱਖਰਾ ਰੂਪ ਦੇ ਸਕਦੇ ਹਨ। ਖੋਜ ਸਰੋਤ- ਇੰਟਰਨੈਟ

ਹਰਪ੍ਰੀਤ ਕੌਰ ਸੰਧੂ

**ਅਦਾਰਾ ਸੀ7 ਨਿਊਜ਼ ਵਿੱਚ ਲੇਖਕਾਂ ਵੱਲੋਂ ਛਪਵਾਈਆਂ ਜਾਂਦੀਆਂ ਕਹਾਣੀਆਂ, ਕਵਿਤਾਵਾਂ, ਲੇਖ, ਗੀਤ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਹਨਾਂ ਨਾਲ ਅਦਾਰਾ ਸੀ7 ਨਿਊਜ਼ ਦੇਅਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

# ਨਵੇਂ ਵਰੇ, ਨਵੇਂ ਸੂਰਜ,



ਤੈਨੂੰ ਜਨਮ ਦਿਨ ਮੁਬਾਰਕ ਧੀਏ ਰਾਣੀਏ।
16 ਵਰਿਆਂ ਦੀ ਹੋ ਜਵਾਨੀ ਦੀ ਦਹਿਲੀਜ਼ 'ਤੇ ਪੁੱਜ,
ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰ ਰਹੀ ਏ।
ਇਹ ਵਰਾ ਚੰਚਲ ਤਿਤਲੀਆਂ ਲਈ ਬੜਾ ਖਾਸ ਹੁੰਦਾ,
ਪਰ ਯਾਦ ਰੱਖੀ — ਇਹ ਆਸ਼ਕੀ ਦਾ ਨਹੀਂ,
ਨਵੀਂ ਜ਼ਿੰਦਗੀ ਦਾ ਆਗਾਜ਼ ਹੁੰਦਾ ਏ।
ਤੂੰ ਹੁਣ ਵੱਡੀ ਹੋ ਗਈ ਏ,
ਤੇਰੀ ਦਾਦੀ ਤੈਨੂੰ ਰੋਕੇਗੀ, ਦਾਦਾ ਤੈਨੂੰ ਟੋਕੇਗਾ।
ਅਣਗੌਲਿਆ ਨਾ ਕਰ ਦੇਈ ਉਹਨਾਂ ਦੀ ਸਿੱਖਿਆ ਨੂੰ,
ਕਿਤੇ ਇਹ ਸੋਚ ਕੇ ਕਿ ਉਹ ਤੇਰੀ ਆਜ਼ਾਦੀ ਵਿੱਚ ਰੁਕਾਵਟ ਬਣ ਰਹੇ ਆ।
ਉਹ ਤੇਰੇ ਲਈ ਰੁਕਾਵਟ ਨਹੀਂ,
ਤੇਰੀ ਢਾਲ ਬਣਨਾ ਚਾਹੁੰਦੇ ਆ।
ਉਹਨਾਂ ਨੂੰ ਕੁਲ ਦੀ ਇੱਜ਼ਤ ਨਹੀਂ,
ਤੇਰੀ ਜ਼ਿੰਦਗੀ ਪਿਆਰੀ ਆ।
ਆਪਣੀ ਉਮਰ ਦੇ ਤਜਰਬੇ ਸਦਕਾ,
ਤੇਰੀਆਂ ਰੀਝਾਂ ਨੂੰ ਬਚਾਉਣਾ ਚਾਹੁੰਦੇ ਆ।
ਹਾਂ, ਇੰਨੀ ਉਮਰ ਬੀਤਣ ਪਿੱਛੋਂ ਵੀ,
ਥੋੜ੍ਹੇ ਬੇਸਮਝ ਜਰੂਰ ਆ।
ਤੇਰੇ ਨਾਲ, ਤੇਰੇ ਲਈ ਲੜਦੇ ਆ,
ਉਸ ਲੜਾਈ ਵਿੱਚ ਤੈਨੂੰ ਹੀ ਦੁਖੀ ਕਰਦੇ ਆ।
ਉਹਨਾਂ ਦੀ ਡਾਂਟ ਫਿਟਕਾਰ ਨਾ ਦੇਖੀ,
ਡਾਂਟ ਦੇ ਪਿੱਛੇ ਛੁਪੇ ਹੋਏ ਪਿਆਰ ਨੂੰ ਸਮਝੀ।
ਇਸ ਵਰੇ ਖੁਸ਼ੀਆਂ, ਉਮੰਗਾਂ ਤੇ ਉਮੀਦਾਂ ਦੇ
ਨਵੇਂ ਖੰਭ ਲੱਗੇ ਨੇ ਤੈਨੂੰ।
ਤੇਰਾ ਆਲੇ ਦੁਆਲੇ ਬੜਾ ਖੂਬਸੂਰਤ ਲੱਗਦਾ ਹੋਣਾ।
ਤੇਰੇ ਮਾਂ–ਬਾਪ ਤੈਨੂੰ ਆਪਣੇ ਘਰ ਦੀ ਇੱਜ਼ਤ ਨਾਲ ਨਹੀਂ ਬਣਨਾ ਚਾਹੁੰਦੇ,
ਬਸ ਦੱਸਣਾ ਚਾਹੁੰਦੇ ਆ ਕਿ ਇਸ ਨਵੇਂ ਵਰੇ ਨਾਲ ਨਵੇਂ ਲੋਕ ਮਿਲਣਗੇ,
ਜੋ ਤੇਰੇ ਨਾਜ਼ੁਕ ਜਿਹੇ ਦਿਲ ਨੂੰ ਛੂ ਜਾਣਗੇ।
ਪਰ ਉਹਨਾਂ 'ਚੋਂ ਭਾਵਨਾਵਾਂ ਉੱਤੇ ਕਾਬੂ ਪਾ,
ਸਮਝਦਾਰੀ ਨੂੰ ਆਪਣਾ।
ਇਹੋ ਜਿਹੇ ਸਾਥੀ ਚੁਣੀ ਜੋ ਅੰਬਰਾਂ 'ਚ ਉਡਾਰੀ ਭਰਦਿਆਂ,
ਤੇਰੀ ਪਰਵਾਜ਼ ਦਾ ਆਗਾਜ਼ ਬਣਨ —
ਨਾ ਕਿ ਤੇਰੇ ਲਈ ਬੁਣਨ ਜੰਜਾਲ,
ਤੇ ਤੈਨੂੰ ਕੈਦ ਕਰਨ ਵਾਲੇ ਚਾਲਬਾਜ਼ ਬਣਨ।
ਖ਼ਿਆਲ ਰੱਖੀ ਆਪਣੇ ਸੁਪਨਿਆਂ,
ਆਪਣੀਆਂ ਉਮੀਦਾਂ ਤੇ ਆਪਣੀਆਂ ਰੀਝਾਂ ਦਾ।
ਕਦੇ ਕਿਸੇ ਲਈ ਇਹਨਾਂ ਨੂੰ ਟੁੱਟਣ ਨਾ ਦੇਵੀ,
ਆਪਣੇ ਚਾਵਾਂ ਨੂੰ ਕਦੇ ਮੁਕਣ ਨਾ ਦੇਵੀ।
ਤੂੰ ਉਹ ਚਾਨਣ ਏ ਜੋ ਦਿਖਾਵੇ ਹੋਰਾਂ ਨੂੰ ਰਾਹ,
ਆਪਣੀ ਚਮਕ ਨੂੰ ਕਦੇ ਮੁਕਣ ਨਾ ਦੇਵੀ।

ਮਨਦੀਪ ਗਿੱਲ ਜਾਮਾਰਾਏ
9877958841

# ਵਿਸ਼ਵ ਦੀ ਉੱਤਮ ਸਟੇਜ ਮੰਨੀ ਜਾਂਦੀ ਹੈ TEDx,




ਵਿਸ਼ਵ ਦੀ ਉੱਤਮ ਸਟੇਜ ਮੰਨੀ ਜਾਂਦੀ ਹੈ TEDx, ਆਪਣੇ ਪ੍ਰੋਗਰਾਮ ਦੇ License ਦੇ ਕੇ ਜ਼ੁੰਮੇਵਾਰ ਅਦਾਰੇ ਤਹਿਤ ਬੁਲਾਉਂਦੀ ਹੈ ਸਨਮਾਨਿਤ ਕਰਦੀ ਹੈ.. ਆਪਣੇ ਵਿਚਾਰ ਰੱਖਣ ਦਾ ਮੌਕਾ ਦਿੰਦੀ ਹੈ। 2025, ਤੀਸਰੀ ਵਾਰ ਮੈਨੂੰ ਇਸ ਸਟੇਜ ਤੇ ਜਾਣ ਦਾ ਮੌਕਾ ਮਿਲਿਆ .. ਤੇ ਗੱਲ ਬਾਤ ਦਾ ਵਿਸ਼ਾ ਸੀ " Anastasis " - ਜਿਸਦਾ ਮਤਲਬ ਹੈ " ਬਿਲਕੁਲ ਖ਼ਤਮ ਹੋ ਕੇ ਫੇਰ ਪੁੰਗਰਨਾ" - ਇਹ ਦੁਨੀਆਂ, ਤੁਹਾਡੇ ਸਾਕ ਸੰਬੰਧੀ ਤੁਹਾਨੂੰ ਸਿਰਫ਼ ਪੈਸੇ ਨਾਲ ਤੋਲਦੇ ਹਨ.. ਪਰ ਉੱਤਮ ਸਟੇਜ਼ਾਂ "ਕਿਰਦਾਰਾਂ" ਨੂੰ ਹੀ ਨਿਵਾਜ਼ਦੀਆਂ ਹਨ.. ਇਹ ਮੈਂ ਓਦੋਂ ਵੀ ਮਹਿਸੂਸ ਕੀਤਾ ਸੀ ਜਦ 2022 ਵਿੱਚ, ਦੇਸ਼ ਦੇ ਪ੍ਰਧਾਨਮੰਤਰੀ ਨਰੇਂਦਰ ਮੋਦੀ ਜੀ ਨਾਲ ਉਹਨਾਂ ਦੇ ਘਰ.. ਰਾਤ ਦੇ ਖਾਣੇ ਤੇ ਸੀ।

ਮਨਦੀਪ ਕੌਰ ਟਾਂਗਰਾ

# ਕੋਈ ਆਵੇ ਤੇ ਮੇਰੇ ਪਾਣੀਆਂ ਅੰਦਰ ਉਤਰ ਜਾਵੇ



ਕੋਈ ਆਵੇ ਤੇ ਮੇਰੇ ਪਾਣੀਆਂ ਅੰਦਰ ਉਤਰ ਜਾਵੇ
ਸਕੂਨ ਮਿਲੇ ਜ਼ਰਾ ਤੇ ਜ਼ਿੰਦਗੀ ਮੇਰੀ ਸੰਵਰ ਜਾਵੇ
ਬੜਾ ਹੀ ਅਜਬ ਹੈ ਧਰਤੀ ਅਤੇ ਅਸਮਾਨ ਦਾ ਰਿਸ਼ਤਾ
ਬਲੇ ਧਰਤੀ ਤੇ ਅੱਗ, ਅਸਮਾਨ ਧੂੰਏਂ ਨਾਲ ਭਰ ਜਾਵੇ
ਮੈਂ ਅਕਸਰ ਸੋਚਦਾ ਹਾਂ ਖ਼ਤ ਲਿਖਾਂ ਸਿਰਨਾਵਿਓਂ ਸੱਖਣਾ
ਤੇ ਇਹ ਖ਼ਤ ਇਸ ਤਰਾਂ ਉੱਡੇ, ਕਿ ਸਿੱਧਾ ਉਸ ਦੇ ਘਰ ਜਾਵੇ

ਲੇਖਕ : ਹਰਮੀਤ ਵਿਦਿਆਰਥੀ

# ਜੇ 30 ਦਿਨਾਂ ਤੋਂ Sales Slow ਹੈ — ਤਾਂ ਕੀ ਕਰੀਏ?



ਕਾਰੋਬਾਰ ਵਿੱਚ ਐਸਾ ਸਮਾਂ ਹਰ ਕਿਸੇ ਉੱਤੇ ਆਉਂਦਾ ਹੈ।
ਜਦੋਂ ਫੋਨ ਘੱਟ ਵੱਜਦਾ ਹੈ,
Enquiries / ਪੁੱਛਗਿੱਛ ਰੁਕ ਜਾਂਦੀਆਂ ਨੇ,
ਅਤੇ ਦਿਲ ਅੰਦਰੋਂ ਪੁੱਛਦਾ ਹੈ —
"ਕੀ ਸਭ ਠੀਕ ਤਾਂ ਹੈ?"
ਜੇ ਤੁਹਾਡੇ ਨਾਲ ਵੀ ਇਹ ਹੋ ਰਿਹਾ ਹੈ, ਤਾਂ ਕਿਰਪਾ ਕਰਕੇ ਇੱਕ ਗੱਲ ਯਾਦ ਰੱਖੋ:
👉 ਤੁਸੀਂ ਇੱਕਲੇ ਨਹੀਂ ਹੋ।
ਸੇਲਜ਼ ਦਾ ਸਲੋ ਹੋਣਾ ਨਾਕਾਮੀ ਨਹੀਂ — ਇਹ ਇੱਕ ਇਸ਼ਾਰਾ ਹੁੰਦਾ ਹੈ ਕਿ ਹੁਣ ਦਿਸ਼ਾ ਬਦਲਣ ਦਾ ਸਮਾਂ ਹੈ।
ਆਓ, ਨਿਮਰਤਾ ਨਾਲ ਸਮਝੀਏ ਕਿ 30 ਦਿਨਾਂ ਦੀ ਸਲੋ ਸੇਲਜ਼ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ।

🔷 1. ਘਬਰਾਉ ਨਹੀਂ — ਪਰ ਅਣਦੇਖਾ ਵੀ ਨਾ ਕਰੋ
ਸਭ ਤੋਂ ਪਹਿਲਾਂ, ਆਪਣੇ ਆਪ ਨੂੰ ਸ਼ਾਂਤ ਰੱਖੋ।
ਘਬਰਾਹਟ ਨਾਲ ਫੈਸਲੇ ਗਲਤ ਹੋ ਸਕਦੇ ਹਨ।
ਪਰ ਇਸਨੂੰ ਇਹ ਕਹਿ ਕੇ ਅਣਦੇਖਾ ਵੀ ਨਾ ਕਰੋ ਕਿ "ਮਾਰਕੀਟ ਹੀ ਡਾਊਨ ਹੈ।"
👉 ਸਲੋ ਸੇਲਜ਼ ਇੱਕ ਸਿਗਨਲ ਹੈ — ਸੁਣੋ।
🔷 2. ਆਪਣੀਆਂ ਪੁਰਾਣੀਆਂ ਲੀਡਸ / leads ਤੇ ਗਾਹਕਾਂ ਨੂੰ ਫਿਰ ਸੰਪਰਕ ਕਰੋ -
ਅਕਸਰ ਹੱਲ ਸਾਡੇ ਕੋਲ ਹੀ ਹੁੰਦਾ ਹੈ।
* ਪਿਛਲੇ 3–6 ਮਹੀਨਿਆਂ ਦੀਆਂ ਲੀਡਜ਼ ਕੱਢੋ
* ਜਿਨ੍ਹਾਂ ਨੇ "ਬਾਅਦ ਵਿੱਚ" ਕਿਹਾ ਸੀ — ਉਨ੍ਹਾਂ ਨੂੰ ਕਾਲ ਕਰੋ
* ਪੁਰਾਣੇ ਗਾਹਕਾਂ ਨੂੰ ਪੁੱਛੋ:
"ਕੋਈ ਨਵੀਂ ਲੋੜ ਤਾਂ ਨਹੀਂ?"
👉 ਨਵੇਂ ਗਾਹਕ ਲੱਭਣ ਨਾਲੋਂ, ਪੁਰਾਣਿਆਂ ਨਾਲ ਦੁਬਾਰਾ ਗੱਲ ਕਰਨੀ ਅਸਾਨ ਹੁੰਦੀ ਹੈ।
🔷 3. ਆਪਣੀ ਆਫਰ ਅਤੇ ਕੀਮਤ ਨੂੰ ਇਮਾਨਦਾਰੀ ਨਾਲ ਵੇਖੋ
ਆਪਣੇ ਆਪ ਤੋਂ ਨਿਮਰਤਾ ਨਾਲ ਪੁੱਛੋ:
* ਕੀ ਮੇਰੀ ਕੀਮਤ ਮਾਰਕੀਟ ਦੇ ਅਨੁਸਾਰ ਹੈ?
* ਕੀ ਗਾਹਕ ਨੂੰ ਸੱਚਮੁੱਚ ਵੈਲਿਊ ਮਹਿਸੂਸ ਹੁੰਦੀ ਹੈ?
* ਕੀ ਮੇਰੀ ਆਫਰ ਸਪਸ਼ਟ ਹੈ?
ਕਈ ਵਾਰ ਸਿਰਫ਼ ਆਫਰ ਨੂੰ ਸਪਸ਼ਟ ਕਰਨਾ ਹੀ ਸੇਲਜ਼ ਚਲਾ ਦਿੰਦਾ ਹੈ।
🔷 4. ਰੋਜ਼ਾਨਾ Follow-Up ਨੂੰ ਆਪਣਾ ਧਰਮ ਬਣਾਓ
ਸੇਲਜ਼ ਅਕਸਰ ਪਹਿਲੀ ਗੱਲ 'ਚ ਨਹੀਂ ਹੁੰਦੀ —
Follow-Up 'ਚ ਹੁੰਦੀ ਹੈ।
* ਹਰ ਦਿਨ ਘੱਟੋ-ਘੱਟ 5–10 Follow-Up ਕਾਲ
* ਨਿਮਰਤਾ ਨਾਲ, ਬਿਨਾਂ ਦਬਾਅ
* "ਸਿਰਫ਼ ਯਾਦ ਦਿਵਾਉਣ ਲਈ…" ਦੇ ਲਹਿਜੇ 'ਚ
👉 ਜੋ Follow-Up ਕਰਦਾ ਹੈ, ਉਹੀ ਅੱਗੇ ਵੱਧਦਾ ਹੈ।
🔷 5. ਆਪਣੀ Sales ਗੱਲਬਾਤ ਨੂੰ ਸੁਧਾਰੋ
ਆਪਣੀ ਟੀਮ ਜਾਂ ਆਪਣੇ ਆਪ ਨੂੰ ਸੁਣੋ:
* ਕੀ ਅਸੀਂ ਗਾਹਕ ਨੂੰ ਸੁਣ ਰਹੇ ਹਾਂ?
* ਜਾਂ ਸਿਰਫ਼ ਆਪਣੀ ਗੱਲ ਕਰ ਰਹੇ ਹਾਂ?
ਨਿਮਰਤਾ ਨਾਲ ਸੁਣਨਾ,
ਸਹੀ ਸਵਾਲ ਪੁੱਛਣਾ,
ਅਤੇ ਗਾਹਕ ਦੀ ਸਮੱਸਿਆ ਸਮਝਣਾ —
ਇਹ ਸੇਲਜ਼ ਦਾ ਅਸਲੀ ਰਾਹ ਹੈ।
🔷 6. ਦਿਖਾਈ ਦਿਓ — ਜਿੱਥੇ ਤੁਹਾਡੇ ਗਾਹਕ ਹਨ
ਜੇ ਲੋਕ ਤੁਹਾਨੂੰ ਨਹੀਂ ਦੇਖ ਰਹੇ, ਤਾਂ ਉਹ ਤੁਹਾਡੇ ਬਾਰੇ ਸੋਚਣਗੇ ਵੀ ਨਹੀਂ।
* ਸੋਸ਼ਲ ਮੀਡੀਆ 'ਤੇ ਮਦਦਗਾਰ ਪੋਸਟ
* WhatsApp 'ਤੇ ਵੈਲਿਊ ਮੈਸੇਜ
* ਸਿੱਧੇ ਵਿਜ਼ਿਟ ਜਾਂ ਕਾਲ
👉 ਜਿੱਥੇ ਗਾਹਕ ਹਨ, ਉੱਥੇ ਨਿਮਰਤਾ ਨਾਲ ਮੌਜੂਦ ਰਹੋ।
🔷 7. ਖਰਚੇ ਕਾਬੂ 'ਚ ਰੱਖੋ, ਪਰ ਡਰ ਕੇ ਨਹੀਂ
ਜਦੋਂ ਸੇਲਜ਼ ਸਲੋ ਹੋਵੇ:
* ਫ਼ਜ਼ੂਲ ਖਰਚੇ ਰੋਕੋ
* ਪਰ ਜ਼ਰੂਰੀ ਚੀਜ਼ਾਂ (ਮਾਰਕੀਟਿੰਗ, ਟੀਮ) ਨਾ ਕੱਟੋ
👉 ਬਚਤ ਡਰ ਨਾਲ ਨਹੀਂ, ਸਮਝਦਾਰੀ ਨਾਲ ਕਰੋ।
🔷 8. ਆਪਣੇ ਆਪ ਨੂੰ ਅਤੇ ਟੀਮ ਨੂੰ ਹੌਸਲਾ ਦਿਓ
ਇਹ ਸਮਾਂ ਟੀਮ ਲਈ ਵੀ ਔਖਾ ਹੁੰਦਾ ਹੈ।
ਨਿਮਰਤਾ ਨਾਲ ਕਹੋ:
"ਅਸੀਂ ਮਿਲ ਕੇ ਇਸ ਵਿੱਚੋਂ ਨਿਕਲਾਂਗੇ।"
ਹੌਸਲਾ, ਭਰੋਸਾ ਅਤੇ ਧੀਰਜ —
ਇਹ ਵੀ ਕਾਰੋਬਾਰ ਦੇ ਹਥਿਆਰ ਹਨ।
🔷 9. ਸਿੱਖੋ — ਹਰ ਸਲੋ ਪੀਰੀਅਡ ਕੁਝ ਸਿਖਾ ਕੇ ਜਾਂਦਾ ਹੈ
ਆਪਣੇ ਆਪ ਤੋਂ ਪੁੱਛੋ:
* ਅਸੀਂ ਕੀ ਬਿਹਤਰ ਕਰ ਸਕਦੇ ਹਾਂ?
* ਕਿੱਥੇ ਕਮੀ ਰਹਿ ਗਈ?
👉 ਜੋ ਸਿੱਖਦਾ ਹੈ, ਉਹੀ ਟਿਕਦਾ ਹੈ।
🔷 10. ਯਾਦ ਰੱਖੋ — ਇਹ ਵੀ ਲੰਘ ਜਾਵੇਗਾ
ਕਾਰੋਬਾਰ ਲਕੀਰ ਨਹੀਂ ਹੁੰਦਾ —
ਉਹ ਲਹਿਰਾਂ ਵਾਂਗ ਹੁੰਦਾ ਹੈ।
ਅੱਜ ਸਲੋ ਹੈ,
ਕੱਲ੍ਹ ਫਿਰ ਤੇਜ਼ ਹੋ ਸਕਦਾ ਹੈ।
👉 ਜੇ ਨੀਅਤ ਸਾਫ਼ ਹੋਵੇ, ਮਿਹਨਤ ਸੱਚੀ ਹੋਵੇ,
ਤਾਂ ਰਾਹ ਜ਼ਰੂਰ ਨਿਕਲਦਾ ਹੈ।
🌿 ਅੰਤਿਮ ਗੱਲ
ਜੇ 30 ਦਿਨਾਂ ਤੋਂ ਸੇਲਜ਼ ਸਲੋ ਹਨ, ਤਾਂ ਆਪਣੇ ਆਪ ਨੂੰ ਦੋਸ਼ ਨਾ ਦਿਓ।
ਇਸਨੂੰ ਇੱਕ ਵਕਫ਼ਾ ਸਮਝੋ —
ਜਿੱਥੇ ਤੁਸੀਂ ਸੋਚ ਸਕਦੇ ਹੋ, ਸੁਧਾਰ ਸਕਦੇ ਹੋ,
ਅਤੇ ਨਵੀਂ ਤਾਕਤ ਨਾਲ ਅੱਗੇ ਵੱਧ ਸਕਦੇ ਹੋ।
🙏 ਨਿਮਰਤਾ ਨਾਲ ਕਹਿੰਦਾ ਹਾਂ —
ਕਾਰੋਬਾਰ ਸਿਰਫ਼ ਨੰਬਰ ਨਹੀਂ ਹੁੰਦਾ,
ਉਹ ਹੌਸਲੇ, ਭਰੋਸੇ ਅਤੇ ਧੀਰਜ ਦੀ ਯਾਤਰਾ ਹੁੰਦਾ ਹੈ।
ਜੇ ਇਹ ਲੇਖ ਤੁਹਾਨੂੰ ਥੋੜ੍ਹੀ ਵੀ ਦਿਸ਼ਾ ਜਾਂ ਹੌਸਲਾ ਦੇ ਸਕਿਆ —
ਇਹੀ ਮੇਰਾ ਮਕਸਦ ਹੈ।
— ਮਨਿੰਦਰ ਸਿੰਘ ਸੋਂਦ

## ਉਹ ਵੀ ਪਾਪੀ ਮਨ ਵਾਂਗ ਕਮੀਨਾ ਹੀ ਨਿੱਕਲਿਆ



ਉਹ ਵੀ ਪਾਪੀ ਮਨ ਵਾਂਗ ਕਮੀਨਾ ਹੀ
ਨਿੱਕਲਿਆ,ਸਾਵਾ ਨਈਂ ਕਬੂਤਰ ਸਗੋਂ
ਚੀਨਾ ਨਿਕਲਿਆ !
ਉੱਡ ਗਿਆ ਦਿਲ ਵਾਲੀ ਛੱਤਰੀ ਤੇ ਬੈਠ
ਕੇ,ਮੱਕਾ ਨਾ ਸਾਡੇ ਲਈ ਮਦੀਨਾ ਹੀ
ਨਿਕਲਿਆ !
ਜਿੱਗਰਾ ਦਿਖਾਉਦਾ ਸੀ ਪਹਿਲਵਾਨਾ
ਵਾਲਾ ਪਰ, ਭੀੜ ਪਈ ਤਾ
ਮੁੜ੍ਹਕਿਉ-ਮੁੜ੍ਹਕੀ ਸੀਨਾ ਹੀ ਨਿੱਕਲਿਆ !
ਨੈਣੀ ਨਕਸ਼ੀ ਤਾ ਸੀ,ਬੇਸ਼ਕ ਮੇਰੇ ਜਿੰਨਾ
ਤਿੱਖਾ ,ਪਰ ਸੋਚ ਪੱਖੋਂ ਡੁੱਬ ਜਾਣਾ ਫੀਨਾ
ਹੀ ਨਿਕਲਿਆ !
ਰੇਸ਼ਮ ਦਾ ਪਟ ਜਾਣ ਸਾਂਭਦੀ ਰਹੀ ਮੈਂ ਉਨੂੰ,
ਜਦ ਵਰਤਿਆ ਕਿ,ਆਮ ਪਛਮੀਨਾ
ਹੀ ਨਿਕਲਿਆ !
ਰਣਜੀਤ ਜੜਵਾਉਣ ਲੱਗੀ ਸੀ ਮੁੰਦਰੀ
ਚ ਬੜੀ ਰੀਝ ਨਾ,ਪਰ ਉਹ ਤਾ ਜਿਵੇਂ ਚੋਰੀ
ਦਾ ਨਗੀਨਾ ਹੀ ਨਿੱਕਲਿਆ !
ਉਹ ਵੀ ਪਾਪੀ ਮਨ ਵਾਂਗ ਕਮੀਨਾ ਹੀ
ਨਿੱਕਲਿਆ...........
ਲੇਖਕ : ਰਣਜੀਤ ਕੌਰ ਟੋਰਾਂਟੋ

ਅਦਾਰਾ ਸੀ7 ਨਿਊਜ਼ ਵਿੱਚ ਵੱਖ ਵੱਖ ਸਟੇਸ਼ਨਾਂ ਤੋਂ ਪੱਤਰਕਾਰਾਂ ਦੀ ਜਰੂਰਤ ਹੈ।ਪੱਤਰਕਾਰ ਬਣਣ ਲਈ ਅਦਾਰਾ ਸੀ7 ਨਿਊਜ਼ ਦੇ ਅਡੀਟਰ ਨਾਲ ਸੰਪਰਕ ਕਰੋ।
ਮੋਬਾਇਲ ਨੰਬਰ 9463661542

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਰਚਨਾ ਦੋਭਾਗ ਛੰਦ



ਸੁਣੋ ਜੀ ਸੁਣਾਵਾਂ ,ਗੱਲ ਇਤਿਹਾਸ ਦੀ।
ਦੁਸ਼ਟ ਦਮਨ , ਦਸਮੇਸ਼ ਖ਼ਾਸ ਦੀ।
ਸਵਾ ਲੱਖ ਨਾਲ, ਇੱਕ ਨੂੰ ਭਿੜਾ ਗਿਆ।
ਚਿੜੀਆਂ ਦੇ ਨਾਲ, ਬਾਜਾਂ ਨੂੰ ਲੜਾ ਗਿਆ।
ਗੁਜਰੀ ਦਾ ਲਾਲ, ਹੈ ਨਿਆਰਾ ਜੱਗ ਤੋਂ।
ਰੱਖਦਾ ਬਚਾ ਕੇ , ਵਿਸ਼ਿਆਂ ਦੀ ਅੱਗ ਤੋਂ।
ਪੰਥ ਖ਼ਾਲਸੇ ਨੂੰ , ਸੀ ਸਜਾਇਆ ਓਸਨੇ।
ਗਿੱਦੜਾਂ ਨੂੰ ਸ਼ੇਰ, ਸੀ ਬਣਾਇਆ ਓਸਨੇ।
ਕਲਮ ਦਾ ਧਨੀ, ਲੇਖਕ ਮਹਾਨ ਏ।
ਸੰਤ ਤੇ ਸਿਪਾਹੀ ਦੀ , ਅਦੁੱਤੀ ਸ਼ਾਨ ਏ।
ਮਹਿਮਾ ਗੁਰੂ ਜੀ ਦੀ,ਅਪਰ ਅਪਾਰ ਜੀ।
ਸ਼ੋਭਾ ਦੇਖ ਓਹਦੀ, ਵੈਰੀ ਖਾਂਦੇ ਖ਼ਾਰ ਜੀ।
ਪੁਰੀ ਸੀ ਅਨੰਦ , ਸੱਭੇ ਸੁੱਖੀ ਵੱਸਦੇ।
ਸਿੱਖ ਸੰਗਤਾਂ ਨੂੰ, ਗੁਰੂ ਭੇਦ ਦੱਸਦੇ।
'ਜੀਤ ਤੇ ਜੁਝਾਰ, ਵੱਡੇ ਨੌਨਿਹਾਲ ਜੀ ।
ਜ਼ੋਰਾਵਰ-ਫ਼ਤਹਿ, ਦੋਨੋਂ ਛੋਟੇ ਲਾਲ ਜੀ ।
ਮੁਗਲਾਂ ਦਾ ਵੈਰ, ਸਿੱਖ ਕੌਮ ਨਾਲ ਸੀ।
ਬਾਈ ਧਾਰ ਰਾਜਿਆਂ, ਨੇ ਖੇਡੀ ਚਾਲ ਸੀ।
ਦੇਵੋਂ ਹੋਏ 'ਕੱਠੇ, ਨੀਵੇਂ ਕਿਰਦਾਰ ਦੇ।
ਭੁੱਲ ਇਖ਼ਲਾਕ ,ਪਿੱਠ ਛੁਰੀ ਮਾਰਦੇ।
ਸਾਰੇ ਰਲ ਮਿਲ, ਮਤਾ ਸੀ ਪਕਾਇਆ ਜੀ।
ਕਿਲ੍ਹਾ ਕਰੋ ਖ਼ਾਲੀ , ਹੁਕਮ ਸੁਣਾਇਆ ਸੀ।
ਰਾਸ਼ਨ ਤੇ ਪਾਣੀ, ਸਭ ਕੀਤਾ ਬੰਦ ਸੀ।
ਘੇਰਾ ਬੰਦੀ ਕੀਤੀ, ਬਾਹਰੋਂ ਟੁੱਟੀ ਤੰਦ ਸੀ।
ਪਤਾ ਹੈ ਸੀ ਸਾਰਾ, ਗੁਰੂ ਜਾਣੀ ਜਾਣ ਨੂੰ।
ਨਹੀਂ ਸੀ ਤਿਆਰ, ਕਿਲ੍ਹਾ ਛੱਡ ਜਾਣ ਨੂੰ।
ਗੁਰੂ ਨੇ ਪਿਆਰੇ, ਸਿੰਘਾਂ ਨੂੰ ਚੇਤਾਇਆ ਸੀ।
ਕਰੋ ਨਾ ਭਰੋਸਾ, ਮੁੱਖੋਂ ਫ਼ੁਰਮਾਇਆ ਸੀ।
ਕਰਾਂਗੇ ਨਾ ਪਿੱਛਾ,ਮੁਗਲਾਣੇ ਆਖਦੇ।
ਅੰਦਰੋਂ ਸੀ ਹੋਰ, ਬਾਹਰੋਂ ਹੋਰ ਭਾਖਦੇ।
ਉਨ੍ਹਾਂ ਸਹੁੰ ਖਾਧੀ,ਗਊ ਤੇ ਕੁਰਾਨ ਦੀ।
ਬੇਨਤੀ ਕਰੀ ਸੀ, ਕਿਲ੍ਹਾ ਛੱਡ ਜਾਣ ਦੀ।
ਕਰਕੇ ਵਿਚਾਰ, ਸਭਨਾਂ ਨੂੰ ਸੱਦਿਆ।
ਲੋੜ ਦਾ ਸਮਾਨ, ਗੱਡਿਆਂ ਤੇ ਲੱਦਿਆ ।
ਗੁਰੂ ਦਸਮੇਸ਼ ,ਮਨ ਸੀ ਬਣਾ ਲਿਆ।
ਛੇ ਪੋਹ ਦੀ ਰਾਤ, ਨੂੰ ਸੀ ਚਾਲਾ ਪਾ ਲਿਆ।
ਵੈਰੀਆਂ ਨੇ ਕੀਤਾ, ਨਹੀਂ ਪੂਰਾ ਕੌਲ ਸੀ।
ਹੱਲਾ ਕੀਤਾ ਪਿੱਛੋਂ, ਜੰਗ ਦਾ ਮਹੌਲ ਸੀ।
ਰੁੱਤ ਬਰਸਾਤ,ਕਹਿਰ ਸੀ ਗੁਜ਼ਾਰਦੀ।
ਸਰਸਾ ਨਦੀ ਸੀ, ਉੱਤੇ ਠਾਠਾਂ ਮਾਰਦੀ।
ਭਿੜ ਗਏ ਯੋਧੇ , ਜੰਗ ਘਮਸਾਨ ਦੀ ।
ਰੁੜ ਗਏ ਸਿੰਘ, ਸੋਝੀ ਨਾ ਸਮਾਨ ਦੀ।
ਇੱਥੇ ਪਰਿਵਾਰ ਦਾ, ਵਿਛੋੜਾ ਪੈ ਗਿਆ।
ਸਿੰਘ ਤੇ ਸਾਹਿਤ, ਨਦੀ ਵਿੱਚ ਵਹਿ ਗਿਆ।
ਦਾਦੀ ਮਾਂ ਦੇ ਨਾਲ, ਦੋਵੇਂ ਛੋਟੇ ਲਾਲ ਸੀ।
ਫੁੱਲਾਂ ਜਿਹੇ ਸੋਹਲ ,ਅਣਭੋਲ ਬਾਲ ਸੀ।
ਮਾਸ਼ਕੀ ਕੁੰਮੇ ਦੇ,ਘਰ ਰੁਕੇ ਰਾਤ ਨੂੰ ।
ਲੈ ਗਿਆ ਰਸੋਈਆ, ਗੰਗੂ ਪ੍ਰਭਾਤ ਨੂੰ।
ਮੋਹਰਾਂ ਸੀ ਚੁਰਾਈਆਂ,ਮਨ ਉਹਦਾ ਡੋਲਿਆ।
ਪਾ ਕੇ ਉੱਚੀ ਰੌਲਾ, ਓਹਨੇ ਭੇਦ ਖੋਲ੍ਹਿਆ।
ਗੰਗੂ ਲਲਚਾਏ ਨੇ, ਚੜ੍ਹਾਇਆ ਚੰਦ ਸੀ।
ਕੈਦ ਕਰਵਾਤੇ , ਵਿੱਚ ਸਰਹੰਦ ਸੀ।
ਠੰਢੇ ਬੁਰਜ ਚ, ਰਾਤਾਂ ਨੇ ਗੁਜ਼ਾਰਦੇ।
ਤਾਂ ਵੀ ਗੁਣ ਗਾਉਂਦੇ, ਬੈਠੇ ਕਰਤਾਰ ਦੇ।
ਰੋਟੀ ਪਾਣੀ ਦੁੱਧ, ਸਭ ਕੀਤਾ ਬੰਦ ਜੀ।
ਆਖਦਾ ਸਪੋਲੇ,ਭੈੜਾ ਸੁੱਚਾ ਨੰਦ ਜੀ।
ਦਾਦੀ ਨਿੱਘ ਦੇਵੇ,ਲਾ ਕੇ ਛਾਤੀ ਨਾਲ ਜੀ।
ਬਣ ਗਏ ਫ਼ੌਲਾਦ, ਛੋਟੇ ਛੋਟੇ ਬਾਲ ਜੀ।
ਵੈਰੀਆਂ ਦੇ ਸਾਹਵੇਂ, ਨਹੀਂ ਮੰਨੀ ਈਨ ਸੀ ।
ਦੁਨੀਆਂ ਨੂੰ ਛੱਡ ਕੇ,ਬਚਾਇਆ ਦੀਨ ਸੀ।
ਮੋਤੀ ਮਹਿਰਾ ਜੀ ਨੇ, ਸੇਵਾ ਕੀਤੀ ਦੁੱਧ ਦੀ।
ਹੋਈ ਸ਼ੁਰੂਆਤ ਸੀ , ਅਣਿੱਖ ਯੁੱਧ ਦੀ।
ਬੁਰਾ ਉਸਦਾ ਸੀ, ਵੈਰੀ ਨੇ ਚਿਤਾਰਿਆ।
ਕੋਹਲੂ ਵਿੱਚ ਪੀੜ, ਪਰਿਵਾਰ ਮਾਰਿਆ।
ਸੂਬੇ ਦੀ ਕਚਹਿਰੀ, ਵਿੱਚ ਬੱਚੇ ਗੱਜਦੇ ।
ਹਿੱਕ ਵਿੱਚ ਵੈਰੀ, ਦੇ ਸੀ ਨੇਜ਼ੇ ਵੱਜਦੇ।
ਕਾਜ਼ੀ ਜਿੱਥੇ ਮੌਤ, ਫ਼ਤਵਾ ਸੁਣਾ ਗਿਆ।
ਕੋਟਲਾ ਵਜ਼ੀਰ,ਹਾਅ ਦਾ ਨਾਅਰਾ ਲਾ ਗਿਆ।
ਜ਼ੁਲਮ ਕਮਾਇਆ, ਸੂਬੇ ਬੇਈਮਾਨ ਨੇ।
ਨੀਹਾਂ 'ਚ ਚਿਣਾਤੇ ਸੀ, ਵਜ਼ੀਰ ਖ਼ਾਨ ਨੇ।
ਮਾਤਾ ਗੁਜਰੀ ਨਾ, ਸਦਮਾ ਸਹਾਰਦੇ।
ਬੱਚਿਆਂ ਦੇ ਹੀ ਪਿੱਛੇ, ਸੁਰਗ ਸਿਧਾਰਦੇ।
ਵੈਰੀਆਂ ਨੇ ਰੋਕੇ ,ਸੀ ਬਥੇਰੇ ਰਾਸਤੇ।
ਦਿੱਤੀ ਨਾਂ ਸੀ ਥਾਂ,ਸੰਸਕਾਰ ਵਾਸਤੇ।
ਟੋਡਰ ਜੋ ਮੱਲ ,ਕਰਮ ਕਮਾ ਗਿਆ।
ਮੋਹਰਾਂ ਨੂੰ ਵਿਛਾ ਕੇ, ਧਨ ਲੇਖੇ ਲਾ ਗਿਆ।
ਗੁਰੂ ਦੇ ਮਹਿਲ, ਤੁਰੇ ਦਿੱਲੀ ਵੱਲ ਨੂੰ।
ਝੱਲਣਾ ਸੀ ਔਖਾ, ਜੀ ਵਿਛੋੜੇ ਸੱਲ ਨੂੰ।
ਚੰਦਰੀ ਘੜੀ ਨੇ , ਕੀਤੇ ਜੀਅ ਵੱਖ ਸੀ।
ਕਹਿਰੀ ਬੜੀ ਹੋਈ,ਹੋਣੀ ਵਾਲੀ ਅੱਖ ਸੀ ।
ਪਿਤਾ ਦਸਮੇਸ਼, ਨਾਲ ਵੱਡੇ ਪੁੱਤ ਸੀ।
ਜੰਗ ਯੁੱਧ ਭਾਰੀ, ਤੇ ਸਰਦ ਰੁੱਤ ਸੀ।
ਜੰਗ 'ਚ ਵੀ ਰੱਬ, ਨਾਲ ਜੁੜੇ ਤਾਰ ਜੀ।
ਗਾਈ ਸੀ ਗੁਰਾਂ ਨੇ,ਆਸਾ ਵਾਲੀ ਵਾਰ ਜੀ।
ਭਾਰੀ ਜੰਗ ਹੋਈ, ਚਮਕੌਰ ਦੀ ਗੜ੍ਹੀ।
ਸਿੰਘਾਂ ਸਣੇ ਦੋਵੇਂ, ਵੱਡੇ ਲਾਲਾਂ ਨੇ ਲੜੀ।
ਸਾਰਿਆਂ ਮੁਕਾਬਲਾ, ਸੀ ਕੀਤਾ ਡੱਟ ਕੇ।
ਹੋਗੇ ਸੀ ਸ਼ਹੀਦ, ਚੱਲੇ ਨਾਮ ਖੱਟ ਕੇ।
ਅਜਬ ਕਹਾਣੀ ,ਗੁਰੂ ਦਸ਼ਮੇਸ਼ ਦੀ।
ਜੰਗ ਦੇ ਮੈਦਾਨ 'ਚ ਵਟਾਏ ਭੇਸ ਦੀ।
ਕਲਗੀ ਸਜਾਈ, ਸੀਸ਼ ਉੱਤੇ ਸਿੱਖ ਦੇ।
ਜਾਨੀ ਜਾਣ ਗੁਰੂ, ਮਾਲਿਕ ਭਵਿੱਖ ਦੇ।
ਪੱਲੇ 'ਚ ਸਬਰ ਤੇ ਸ਼ੁਕਰ ਬੰਨ੍ਹ ਕੇ।
ਖਿੜ੍ਹੇ ਮੱਥੇ ਪੰਜਾਂ ਦਾ, ਹੁਕਮ ਮੰਨ ਕੇ।
ਤਾੜੀ ਮਾਰ ਜੰਗ ਦਾ, ਮੈਦਾਨ ਛੱਡਤਾ।
ਜਿੱਤ ਵਾਲਾ ਝੰਡਾ,ਸੀ ਮੈਦਾਨੇ ਗੱਡਤਾ।
ਜੰਗਲ ਵੀਰਾਨ, ਮਾਛੀਵਾੜਾ ਪਿੰਡ ਸੀ।
ਘੋੜੇ ਜੋੜੇ ਛੁੱਟੇ , ਸਿਰਹਾਣੇ ਟਿੰਡ ਸੀ।
ਪੈਰੀਂ ਹੋਏ ਛਾਲੇ,ਚੱਲਣਾ ਮੁਹਾਲ ਏ।
ਮਿੱਤਰ ਪਿਆਰੇ ਨੂੰ, ਸੁਣਾਇਆ ਹਾਲ ਏ।
ਜਾਨ ਤੋਂ ਪਿਆਰੇ, ਸਿੰਘ ਤੇ ਸ਼ਹੀਦ ਸੀ।
ਪੁੱਤਾਂ ਸਣੇ ਜਿਹੜੇ ਚੇਲੇ ਤੇ ਮੁਰੀਦ ਸੀ ।
ਫਰਜ਼ ਨਿਭਾਇਆ,ਗ਼ਨੀ ਨਬੀ ਖ਼ਾਨ ਨੇ।
ਉੱਚ ਵਾਲੇ ਪੀਰ, ਕਹਿੰਦੇ ਸਾਡੀ ਸ਼ਾਨ ਨੇ।
ਇੱਕ ਹਫ਼ਤੇ ਚ, ਪਰਿਵਾਰ ਵਾਰ ਕੇ।
ਸ਼ੁਕਰ ਮਨਾਵੇ, ਕਰਜ਼ਾ ਉਤਾਰ ਕੇ।
ਕਾਹੀ ਬੂਟਾ ਪੁੱਟ, ਤਖ਼ਤ ਹਿਲਾਇਆ ਸੀ।
ਅਗਲੇ ਸਫ਼ਰ, ਗੁਰੂ ਚਾਲਾ ਪਾਇਆ ਸੀ ।
ਆਉਂਦੀ ਨਹੀ ਕਹਿਣੀ,ਮਹਿਮਾ ਜੋ ਅਕੱਥ ਦੀ।
ਤੁੱਛ ਬੁੱਧ ਕਿੰਝ,ਪਾਵੇ ਸਾਰ ਤੱਥ ਦੀ।
ਚਰਨਾਂ ਚ ਗੁਰੂ ਦੇ, ਝੁਕਾਵਾਂ ਸ਼ੀਸ ਨੂੰ।
ਦੇ ਦਿਓ ਅਸੀਸ, ਦਾਤਾ "ਰਜਨੀਸ਼" ਨੂੰ ।
ਰਜਨੀਸ਼ ਕੌਰ ਬਬਲੀ, ਬਰਨਾਲਾ।

## ਤੇਰੀ ਚੁੱਪ ਅੱਗੇ ਮੇਰੀ ਅਵਾਜ਼ ਖੋਈ, ਚਾਹ ਕੇ ਨਾ ਵੱਜੇ ਦਿਲ 'ਚ ਸਾਜ਼ ਕੋਈ, (ਦੋ ਕਵਿਤਾਵਾਂ)



ਤੇਰੀ ਚੁੱਪ ਅੱਗੇ ਮੇਰੀ ਅਵਾਜ਼ ਖੋਈ,
ਚਾਹ ਕੇ ਨਾ ਵੱਜੇ ਦਿਲ 'ਚ ਸਾਜ਼ ਕੋਈ,
ਸਮਝ ਕੇ ਵੀ ਸਮਝ ਨਾ ਪਾਇਆ ਵੇ,
ਐਸਾ ਦਿਲ ਚ ਰਿਹਾ ਨਾ ਰਾਜ਼ ਕੋਈ,
ਦੁਨੀਆਦਾਰੀ ਵੀ ਫਿੱਕੀ ਲੱਗਦੀ,
ਬਿਨ ਤੇਰੇ ਨਾ ਸੱਜਦਾ ਤਾਜ ਕੋਈ,
ਤੇਰੀਆਂ ਤਰੀਫ਼ਾਂ ਤੇ ਆ ਸਭ ਭੁੱਲ ਜਾਵਾਂ,
ਕਿੱਦਾਂ ਦੱਸਾਂ ਬੱਚਦਾ ਨਾ ਅਲਫ਼ਾਜ਼ ਕੋਈ,
ਦੁਨਿਆਵੀਂ ਰਿਸ਼ਤੇ ਨਿਤ ਬਦਲਦੇ,
ਤੇਰਾ ਹੋਣਾ ਫਰਿਸ਼ਤੇ ਦਾ ਅਗਾਜ਼ ਕੋਈ,
ਤੂੰ ਮੇਰੇ ਸੁਪਨਿਆਂ ਨੂੰ ਖੰਭ ਜੋ ਲਗਾਏ,
ਰਾਣੂ ਤੇਰੇ ਰਾਹੀਂ ਲੱਗੂ ਅੰਬਰੀ ਪਰਵਾਜ਼ ਕੋਈ ॥

(2 ) ਟੁੱਟੇ ਦਿਲ ਨੂੰ ਕਿਵੇਂ ਦਵਾਂ ਦਿਲਾਸਾ,
ਮੁੱਖ ਤੋਂ ਉੱਡ ਗਿਆ ਚੰਦਰਾ ਹਾਸਾ,
ਦੁਨੀਆਂ ਦੁੱਖ ਤੇ ਮਜ਼ਾਕ ਉਡਾਵੇ,
ਦਰਦਾਂ ਨੂੰ ਸਮਝੇ ਇਹ ਤਮਾਸ਼ਾ,
ਕੋਸ਼ਿਸ਼ ਕਰਕੇ ਹਾਰ ਨਾ ਮੰਨੀਏ,
ਉੱਦਮ ਕਰ ਮਿਟਾਈਏ ਨਿਰਾਸ਼ਾ,
ਨਵੀਆਂ ਮੰਜ਼ਿਲ੍ਹਾਂ ਆਪੇ ਮਿਲ ਜਾਵਣ,
ਜਿਉਣ ਦੀ ਜੇ ਰੱਖ ਲਈਏ ਆਸਾ,
ਭੇਦ ਨਾ ਗੁੱਝੇ ਬਹੁਤਾ ਸਮਾਂ ਟਿਕਦੇ,
ਵਕਤ ਪਏ ਹੋਣਾ ਸਭ ਦਾ ਖੁਲਾਸਾ,
ਗਮਾਂ ਚ ਆਪਣੇ ਹੀ ਕੱਲਾ ਛੱਡਦੇ,
ਕਰਨ ਨਾ ਪਾਵਣ ਤਰਸ ਵੀ ਮਾਸਾ,
ਰਾਣੂ ਚਾਰ ਕੁ ਦਿਨਾਂ ਦਾ ਮੇਲਾ ਏਹ,
ਜ਼ਿੰਦਗੀ ਨੇ ਇੱਕ ਦਿਨ ਦੇਣਾ ਝਾਸਾ.... ॥
॥ ਗੁਰਜੀਤ ਕੌਰ ਰਾਣੂ ॥

# ਦੂਜੀ ਵਿਸ਼ਵ ਜੰਗ ਦੌਰਾਨ ਇਟਲੀ ਵਿੱਚ ਭਾਰਤੀ ਸਿੱਖ ਫੌਜੀਆਂ ਅਤੇ ਇਟਾਲੀਅਨ ਸ਼ਹੀਦਾਂ ਦਾ 81ਵਾਂ ਸ਼ਹੀਦੀ ਦਿਵਸ ਮਨਾਇਆ



ਦੂਜੀ ਵਿਸ਼ਵ ਜੰਗ ਦੌਰਾਨ ਇਟਲੀ ਵਿੱਚ ਭਾਰਤੀ ਸਿੱਖ ਫੌਜੀਆਂ ਅਤੇ ਇਟਾਲੀਅਨ ਸ਼ਹੀਦਾਂ ਦਾ 81ਵਾਂ ਸ਼ਹੀਦੀ ਦਿਵਸ ਮਨਾਇਆ ਗਿਆ। ਇਹ ਦਿਵਸ ਉਨ੍ਹਾਂ ਵੀਰ ਸਿਪਾਹੀਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਨਾਜ਼ੀ ਅਤੇ ਫਾਸ਼ਿਸਟ ਤਾਕਤਾਂ ਵਿਰੁੱਧ ਲੜਦੇ ਹੋਏ ਆਪਣੀ ਜਾਨ ਕੁਰਬਾਨ ਕੀਤੀ। ਖਾਸ ਕਰਕੇ ਮੋਂਟੇ ਕੈਸੀਨੋ ਦੀ ਲੜਾਈ ਵਿੱਚ ਭਾਰਤੀ ਫੌਜਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਲੜਾਈ ਨੂੰ ਦੂਜੀ ਵਿਸ਼ਵ ਜੰਗ ਦੀ ਸਭ ਤੋਂ ਖੂਨੀ ਅਤੇ ਲੰਮੀ ਲੜਾਈ ਮੰਨਿਆ ਜਾਂਦਾ ਹੈ, ਜੋ 1944 ਵਿੱਚ ਲੜੀ ਗਈ ਸੀ।ਭਾਰਤੀ ਫੌਜਾਂ ਵਿੱਚ ਵੱਡੀ ਗਿਣਤੀ ਸਿੱਖ ਸਿਪਾਹੀ ਸ਼ਾਮਲ ਸਨ। 4ਥੀ, 8ਵੀਂ ਅਤੇ 10ਵੀਂ ਇੰਡੀਅਨ ਡਿਵੀਜ਼ਨਾਂ ਨੇ ਮੋਂਟੇ ਕੈਸੀਨੋ, ਸਾਂਗਰੋ ਨਦੀ, ਲੀਰੀ ਵੈਲੀ ਅਤੇ ਗੋਥਿਕ ਲਾਈਨ ਵਰਗੀਆਂ ਲੜਾਈਆਂ ਵਿੱਚ ਬਹਾਦਰੀ ਨਾਲ ਲੜਾਈ ਲੜੀ। ਸਿੱਖ ਰੈਜੀਮੈਂਟਾਂ ਜਿਵੇਂ ਕਿ 11ਵੀਂ ਸਿੱਖ ਰੈਜੀਮੈਂਟ ਨੇ ਜਰਮਨ ਪੈਰਾਟ੍ਰੂਪਰਾਂ ਵਿਰੁੱਧ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਦੇ ਜੰਗੀ ਨਾਹਰੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਨਾਲ ਦੁਸ਼ਮਣ ਨੂੰ ਭੈਅ ਭਰਿਆ ਜਾਂਦਾ ਸੀ। ਇਟਲੀ ਦੀ ਧਰਤੀ ਤੇ ਲੱਗਭਗ 5,782 ਭਾਰਤੀ ਸਿਪਾਹੀ ਸ਼ਹੀਦ ਹੋਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਸੀ। ਕੈਸੀਨੋ ਵਾਰ ਸੈਮੇਟਰੀ ਵਿੱਚ ਹਜ਼ਾਰਾਂ ਭਾਰਤੀ ਸਿਪਾਹੀਆਂ ਦੀਆਂ ਕਬਰਾਂ ਅੱਜ ਵੀ ਗਵਾਹੀ ਭਰਦੀਆਂ ਹਨ।ਇਟਲੀ ਦੇ ਲੋਕ ਅੱਜ ਵੀ ਭਾਰਤੀ ਫੌਜੀਆਂ ਦੇ ਬਲੀਦਾਨ ਨੂੰ ਯਾਦ ਕਰਦੇ ਹਨ। ਉਨ੍ਹਾਂ ਨੇ ਇਟਲੀ ਨੂੰ ਫਾਸ਼ਿਸਟ ਅਤੇ ਨਾਜ਼ੀ ਕਬਜ਼ੇ ਤੋਂ ਮੁਕਤ ਕਰਵਾਉਣ ਵਿੱਚ ਮਦਦ ਕੀਤੀ। ਕਈ ਇਟਾਲੀਅਨ ਸ਼ਹਿਰਾਂ ਅਤੇ ਪਿੰਡਾਂ ਵਿੱਚ ਭਾਰਤੀ ਸਿਪਾਹੀਆਂ ਦੀਆਂ ਕਹਾਣੀਆਂ ਅੱਜ ਵੀ ਸੁਣਾਈਆਂ ਜਾਂਦੀਆਂ ਹਨ। ਇਸ ਸ਼ਹੀਦੀ ਦਿਵਸ ਨੂੰ ਮਨਾਉਣ ਨਾਲ ਅਸੀਂ ਉਨ੍ਹਾਂ ਵੀਰਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਨੇ ਵਿਦੇਸ਼ੀ ਧਰਤੀ ਤੇ ਆਜ਼ਾਦੀ ਅਤੇ ਨਿਆਂ ਲਈ ਆਪਣੀ ਜਾਨ ਵਾਰੀ।ਸਿੱਖ ਫੌਜੀਆਂ ਦੀ ਬਹਾਦਰੀ ਨੂੰ ਵਿਸ਼ਵ ਪੱਧਰ ਤੇ ਮਾਨਤਾ ਮਿਲੀ। ਉਨ੍ਹਾਂ ਨੇ ਮੁਸ਼ਕਲ ਭੂਗੋਲਿਕ ਹਾਲਾਤਾਂ ਵਿੱਚ, ਪਹਾੜੀ ਰਸਤਿਆਂ ਤੇ ਅਤੇ ਭਾਰੀ ਬਾਰਸ਼ ਵਿੱਚ ਵੀ ਡਟ ਕੇ ਲੜਾਈ ਲੜੀ। ਇਟਲੀ ਸਰਕਾਰ ਅਤੇ ਲੋਕਾਂ ਵੱਲੋਂ ਭਾਰਤੀ ਮੈਮੋਰੀਅਲ ਬਣਾਏ ਗਏ ਹਨ, ਜਿਵੇਂ ਕਿ ਕੈਸੀਨੋ ਵਿੱਚ ਇੰਡੀਅਨ ਆਰਮੀ ਮੈਮੋਰੀਅਲ। ਇਹ ਦਿਵਸ ਸਾਨੂੰ ਯਾਦ ਕਰਵਾਉਂਦਾ ਹੈ ਕਿ ਸਿੱਖ ਇਤਿਹਾਸ ਵਿੱਚ ਹਮੇਸ਼ਾ ਜ਼ੁਲਮ ਵਿਰੁੱਧ ਲੜਨ ਵਾਲੇ ਰਹੇ ਹਨ, ਭਾਵੇਂ ਗੁਰੂ ਸਾਹਿਬਾਨਾਂ ਦੇ ਸਮੇਂ ਹੋਵੇ ਜਾਂ ਵਿਸ਼ਵ ਜੰਗਾਂ ਵਿੱਚ।ਅੱਜ ਦੇ ਸਮੇਂ ਵਿੱਚ ਵੀ ਇਹ ਬਲੀਦਾਨ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਅਸੀਂ ਆਪਣੇ ਵੀਰਾਂ ਦੇ ਸੁਪਨਿਆਂ ਨੂੰ ਪੂਰਾ ਕਰੀਏ ਅਤੇ ਦੁਨੀਆ ਵਿੱਚ ਅਮਨ ਅਤੇ ਭਾਈਚਾਰੇ ਨੂੰ ਵਧਾਈਏ। ਉਨ੍ਹਾਂ ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!

# ਭਾਰਤ ਨੇ ਟੀ-20 ਵਿਸ਼ਵ ਕੱਪ 2026 ਲਈ ਆਪਣੀ ਟੀਮ ਦਾ ਐਲਾਨ ਕਰ ਦਿੱਤਾ ਹੈ।




ਭਾਰਤ ਨੇ ਟੀ-20 ਵਿਸ਼ਵ ਕੱਪ 2026 ਲਈ ਆਪਣੀ ਟੀਮ ਦਾ ਐਲਾਨ ਕਰ ਦਿੱਤਾ ਹੈ। ਇਹ ਵੱਡੀ ਖ਼ਬਰ ਕ੍ਰਿਕਟ ਪ੍ਰੇਮੀਆਂ ਲਈ ਬਹੁਤ ਉਤਸ਼ਾਹ ਵਾਲੀ ਹੈ ਕਿਉਂਕਿ ਭਾਰਤ ਡਿਫੈਂਡਿੰਗ ਚੈਂਪੀਅਨ ਹੈ ਅਤੇ ਇਸ ਵਾਰ ਵਿਸ਼ਵ ਕੱਪ ਭਾਰਤ ਅਤੇ ਸ੍ਰੀਲੰਕਾ ਵਿੱਚ ਮਿਲ ਕੇ ਹੋਸਟ ਕੀਤਾ ਜਾ ਰਿਹਾ ਹੈ। ਬੀਸੀਸੀਆਈ ਨੇ 20 ਦਸੰਬਰ 2025 ਨੂੰ ਮੁੰਬਈ ਵਿੱਚ ਟੀਮ ਦਾ ਐਲਾਨ ਕੀਤਾ। ਕਪਤਾਨ ਸੂਰਿਆਕੁਮਾਰ ਯਾਦਵ ਹਨ, ਜੋ ਪਿਛਲੇ ਕਈ ਸੀਰੀਜ਼ਾਂ ਤੋਂ ਟੀ-20 ਟੀਮ ਦੀ ਅਗਵਾਈ ਕਰ ਰਹੇ ਹਨ। ਉਪ-ਕਪਤਾਨ ਅਕਸ਼ਰ ਪਟੇਲ ਨੂੰ ਬਣਾਇਆ ਗਿਆ ਹੈ।ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਸ਼ੁਭਮਨ ਗਿੱਲ ਨੂੰ ਟੀਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਸ਼ੁਭਮਨ ਗਿੱਲ ਪਿਛਲੀਆਂ ਸੀਰੀਜ਼ਾਂ ਵਿੱਚ ਉਪ-ਕਪਤਾਨ ਸਨ ਅਤੇ ਟੈਸਟ ਤੇ ਵਨਡੇ ਟੀਮ ਦੇ ਕਪਤਾਨ ਵੀ ਹਨ, ਪਰ ਟੀ-20 ਵਿੱਚ ਉਨ੍ਹਾਂ ਦੀ ਫਾਰਮ ਖਰਾਬ ਰਹੀ ਹੈ। ਮੁੱਖ ਚੋਣਕਾਰ ਅਜੀਤ ਅਗਰਕਰ ਨੇ ਕਿਹਾ ਕਿ ਟੀਮ ਵਿੱਚ ਸੰਤੁਲਨ ਬਣਾਉਣ ਲਈ ਕੁਝ ਫੈਸਲੇ ਲੈਣੇ ਪਏ। ਗਿੱਲ ਨੂੰ ਬਾਹਰ ਰੱਖਣ ਦਾ ਕਾਰਨ ਉਨ੍ਹਾਂ ਦੀ ਖਰਾਬ ਫਾਰਮ ਅਤੇ ਟੀਮ ਕੰਬੀਨੇਸ਼ਨ ਹੈ। ਇਸ ਨਾਲ ਕਈ ਪ੍ਰਸ਼ੰਸਕ ਨਿਰਾਸ਼ ਹਨ, ਪਰ ਚੋਣਕਾਰਾਂ ਨੇ ਕਿਹਾ ਕਿ ਵਿਸ਼ਵ ਕੱਪ ਜਿੱਤਣ ਲਈ ਸਭ ਤੋਂ ਮਜ਼ਬੂਤ ਕੰਬੀਨੇਸ਼ਨ ਚੁਣੀ ਗਈ ਹੈ।ਟੀਮ ਵਿੱਚ ਵਾਪਸੀ ਕਰਨ ਵਾਲੇ ਖਿਡਾਰੀਆਂ ਵਿੱਚ ਈਸ਼ਾਨ ਕਿਸ਼ਨ ਅਤੇ ਰਿੰਕੂ ਸਿੰਘ ਸ਼ਾਮਲ ਹਨ। ਈਸ਼ਾਨ ਕਿਸ਼ਨ ਨੇ ਸੱਯਦ ਮੁਸ਼ਤਾਕ ਅਲੀ ਟਰਾਫੀ ਵਿੱਚ ਝਾਰਖੰਡ ਲਈ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।ਉਹ ਵਿਕਟਕੀਪਰ ਵਜੋਂ ਵੀ ਉਪਲਬਧ ਹਨ ਅਤੇ ਟਾਪ ਆਰਡਰ ਵਿੱਚ ਧਮਾਕੇਦਾਰ ਬੱਲੇਬਾਜ਼ੀ ਕਰ ਸਕਦੇ ਹਨ। ਰਿੰਕੂ ਸਿੰਘ ਫਿਨਿਸ਼ਰ ਵਜੋਂ ਮਸ਼ਹੂਰ ਹਨ ਅਤੇ ਮਿਡਲ ਆਰਡਰ ਨੂੰ ਮਜ਼ਬੂਤੀ ਦਿੰਦੇ ਹਨ। ਸੰਜੂ ਸੈਮਸਨ ਵੀ ਵਿਕਟਕੀਪਰ ਵਜੋਂ ਟੀਮ ਵਿੱਚ ਹਨ।ਟੀਮ ਦੀ ਪੂਰੀ ਲਿਸਟ ਇਸ ਤਰ੍ਹਾਂ ਹੈ: ਸੂਰਿਆਕੁਮਾਰ ਯਾਦਵ (ਕਪਤਾਨ), ਅਕਸ਼ਰ ਪਟੇਲ (ਉਪ-ਕਪਤਾਨ), ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਹਾਰਦਿਕ ਪਾਂਡਿਆ, ਸ਼ਿਵਮ ਦੂਬੇ, ਰਿੰਕੂ ਸਿੰਘ, ਜਸਪ੍ਰੀਤ ਬੁਮਰਾਹ, ਅਰਸ਼ਦੀਪ ਸਿੰਘ, ਹਰਸ਼ਿਤ ਰਾਣਾ, ਵਰੁਣ ਚਕਰਵਰਤੀ, ਕੁਲਦੀਪ ਯਾਦਵ, ਵਾਸ਼ਿੰਗਟਨ ਸੁੰਦਰ, ਸੰਜੂ ਸੈਮਸਨ (ਵਿਕਟਕੀਪਰ), ਈਸ਼ਾਨ ਕਿਸ਼ਨ (ਵਿਕਟਕੀਪਰ)।

ਇਹ ਟੀਮ ਬਹੁਤ ਸੰਤੁਲਿਤ ਨਜ਼ਰ ਆ ਰਹੀ ਹੈ। ਬੱਲੇਬਾਜ਼ੀ ਵਿੱਚ ਅਭਿਸ਼ੇਕ ਸ਼ਰਮਾ ਅਤੇ ਤਿਲਕ ਵਰਮਾ ਵਰਗੇ ਨੌਜਵਾਨ ਧਮਾਕੇਦਾਰ ਖਿਡਾਰੀ ਹਨ। ਹਾਰਦਿਕ ਪਾਂਡਿਆ ਅਤੇ ਸ਼ਿਵਮ ਦੂਬੇ ਆਲਰਾਊਂਡਰ ਵਜੋਂ ਮਦਦ ਕਰਨਗੇ। ਗੇਂਦਬਾਜ਼ੀ ਵਿੱਚ ਜਸਪ੍ਰੀਤ ਬੁਮਰਾਹ ਲੀਡ ਕਰਨਗੇ, ਅਰਸ਼ਦੀਪ ਸਿੰਘ ਅਤੇ ਹਰਸ਼ਿਤ ਰਾਣਾ ਪੇਸ ਅਟੈਕ ਨੂੰ ਮਜ਼ਬੂਤੀ ਦੇਣਗੇ। ਸਪਿਨ ਵਿੱਚ ਵਰੁਣ ਚਕਰਵਰਤੀ, ਕੁਲਦੀਪ ਯਾਦਵ, ਅਕਸ਼ਰ ਪਟੇਲ ਅਤੇ ਵਾਸ਼ਿੰਗਟਨ ਸੁੰਦਰ ਵਰਗੇ ਵਿਕਲਪ ਹਨ। ਭਾਰਤੀ ਪਿੱਚਾਂ ਤੇ ਸਪਿਨਰਾਂ ਦੀ ਵੱਡੀ ਭੂਮਿਕਾ ਹੋਵੇਗੀ।

ਸੂਰਿਆਕੁਮਾਰ ਯਾਦਵ ਨੇ ਕਿਹਾ ਕਿ ਇਹ ਟੀਮ ਸਾਰੇ ਪੱਖਾਂ ਤੋਂ ਬੈਲੰਸਡ ਹੈ ਅਤੇ ਅਸੀਂ ਵਿਸ਼ਵ ਕੱਪ ਜਿੱਤਣ ਲਈ ਤਿਆਰ ਹਾਂ। ਉਨ੍ਹਾਂ ਨੇ ਆਪਣੀ ਫਾਰਮ ਬਾਰੇ ਵੀ ਗੱਲ ਕੀਤੀ ਅਤੇ ਕਿਹਾ ਕਿ ਹਰ ਖਿਡਾਰੀ ਨੂੰ ਖਰਾਬ ਦੌਰ ਆਉਂਦਾ ਹੈ, ਪਰ ਉਹ ਜਲਦੀ ਵਾਪਸੀ ਕਰਨਗੇ। ਅਜੀਤ ਅਗਰਕਰ ਨੇ ਕਿਹਾ ਕਿ ਟੀਮ ਵਿੱਚ ਕੰਬੀਨੇਸ਼ਨ ਨੂੰ ਧਿਆਨ ਵਿੱਚ ਰੱਖ ਕੇ ਚੋਣ ਕੀਤੀ ਗਈ ਹੈ ਤਾਂ ਜੋ ਵੱਖ-ਵੱਖ ਸਥਿਤੀਆਂ ਵਿੱਚ ਟੀਮ ਮਜ਼ਬੂਤ ਰਹੇ।ਵਿਸ਼ਵ ਕੱਪ 7 ਫਰਵਰੀ 2026 ਤੋਂ ਸ਼ੁਰੂ ਹੋਵੇਗਾ। ਭਾਰਤ ਆਪਣਾ ਪਹਿਲਾ ਮੈਚ ਅਮਰੀਕਾ ਨਾਲ ਖੇਡੇਗਾ। ਗਰੁੱਪ ਵਿੱਚ ਪਾਕਿਸਤਾਨ ਵੀ ਹੈ, ਜਿਸ ਨਾਲ ਮੈਚ 15 ਫਰਵਰੀ ਨੂੰ ਹੋਵੇਗਾ। ਇਹ ਮੈਚ ਬਹੁਤ ਉਤਸ਼ਾਹ ਵਾਲਾ ਹੋਵੇਗਾ। ਭਾਰਤੀ ਪ੍ਰਸ਼ੰਸਕਾਂ ਨੂੰ ਉਮੀਦ ਹੈ ਕਿ ਇਹ ਟੀਮ ਲਗਾਤਾਰ ਦੂਜੀ ਵਾਰ ਵਿਸ਼ਵ ਕੱਪ ਜਿੱਤੇਗੀ। ਨੌਜਵਾਨ ਖਿਡਾਰੀਆਂ ਨਾਲ ਭਰੀ ਇਹ ਟੀਮ ਆਕਰਸ਼ਕ ਕ੍ਰਿਕਟ ਖੇਡੇਗੀ ਅਤੇ ਵਿਰੋਧੀਆਂ ਨੂੰ ਚੁਣੌਤੀ ਦੇਵੇਗੀ।

ਇਸ ਐਲਾਨ ਨਾਲ ਕ੍ਰਿਕਟ ਜਗਤ ਵਿੱਚ ਚਰਚਾ ਛਿੜ ਗਈ ਹੈ। ਕਈ ਲੋਕ ਸ਼ੁਭਮਨ ਗਿੱਲ ਨੂੰ ਬਾਹਰ ਰੱਖਣ ਤੇ ਨਿਰਾਸ਼ ਹਨ, ਪਰ ਜ਼ਿਆਦਾਤਰ ਮਾਹਿਰ ਮੰਨਦੇ ਹਨ ਕਿ ਇਹ ਫੈਸਲਾ ਟੀਮ ਦੇ ਹਿੱਤ ਵਿੱਚ ਹੈ। ਈਸ਼ਾਨ ਕਿਸ਼ਨ ਦੀ ਵਾਪਸੀ ਨੂੰ ਸਹੀ ਫੈਸਲਾ ਮੰਨਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਘਰੇਲੂ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਰਿੰਕੂ ਸਿੰਘ ਦੀ ਵਾਪਸੀ ਨਾਲ ਮਿਡਲ ਆਰਡਰ ਹੋਰ ਮਜ਼ਬੂਤ ਹੋ ਗਿਆ ਹੈ।

ਭਾਰਤੀ ਟੀਮ ਨੇ ਪਿਛਲੀਆਂ ਸੀਰੀਜ਼ਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ ਅਤੇ ਲਗਾਤਾਰ ਸੀਰੀਜ਼ ਜਿੱਤੀਆਂ ਹਨ। ਨਿਊਜ਼ੀਲੈਂਡ ਨਾਲ ਆਉਣ ਵਾਲੀ ਸੀਰੀਜ਼ ਵੀ ਵਿਸ਼ਵ ਕੱਪ ਦੀ ਤਿਆਰੀ ਲਈ ਮਹੱਤਵਪੂਰਨ ਹੋਵੇਗੀ। ਸੂਰਿਆਕੁਮਾਰ ਯਾਦਵ ਦੀ ਅਗਵਾਈ ਹੇਠ ਟੀਮ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਟਰਾਫੀ ਬਚਾ ਕੇ ਰੱਖਣਗੇ। ਪੰਜਾਬੀ ਕ੍ਰਿਕਟ ਪ੍ਰੇਮੀ ਵੀ ਇਸ ਟੀਮ ਨੂੰ ਪੂਰਾ ਸਮਰਥਨ ਦੇਣਗੇ ਅਤੇ ਟੀਵੀ ਸਕ੍ਰੀਨਾਂ ਅੱਗੇ ਬੈਠ ਕੇ ਭਾਰਤ ਨੂੰ ਚੀਅਰ ਕਰਨਗੇ। ਆਓ, ਸਾਰੇ ਮਿਲ ਕੇ ਟੀਮ ਇੰਡੀਆ ਨੂੰ ਸ਼ੁਭਕਾਮਨਾਵਾਂ ਦੇਈਏ!

# ਇੱਕ ਨਾਬਾਲਗ ਲੜਕੀ ਨਾਲ ਘਰੇਲੂ ਨੌਕਰ ਵੱਲੋਂ ਜ਼ਬਰਦਸਤੀ ਕਰਨ ਦਾ ਗੰਭੀਰ ਦੋਸ਼



*ਫਿਰੋਜ਼ਪੁਰ ਜ਼ਿਲ੍ਹੇ ਦੇ ਹਲਕਾ ਗੁਰੂਹਰਸਹਾਏ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ*

ਫਿਰੋਜ਼ਪੁਰ ਜ਼ਿਲ੍ਹੇ ਦੇ ਹਲਕਾ ਗੁਰੂਹਰਸਹਾਏ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨਾਬਾਲਗ ਲੜਕੀ ਨਾਲ ਘਰੇਲੂ ਨੌਕਰ ਵੱਲੋਂ ਜ਼ਬਰਦਸਤੀ ਕਰਨ ਦਾ ਗੰਭੀਰ ਦੋਸ਼ ਲੱਗਾ ਹੈ। ਇਸ ਘਟਨਾ ਨੇ ਨਾ ਸਿਰਫ਼ ਪੀੜਤ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਸਗੋਂ ਪੂਰੇ ਖੇਤਰ ਵਿੱਚ ਸੰਵੇਦਨਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਘਟਨਾ 14 ਦਸੰਬਰ 2025 ਨੂੰ ਵਾਪਰੀ, ਜਦੋਂ ਬਲਾਕ ਸੰਮਤੀ ਚੋਣਾਂ ਕਾਰਨ ਪੂਰਾ ਪਰਿਵਾਰ ਵੋਟ ਪਾਉਣ ਲਈ ਪਿੰਡ ਗੱਟੀ ਅਜਾਇਬ ਸਿੰਘ ਵਾਲਾ ਗਿਆ ਹੋਇਆ ਸੀ। ਘਰ ਵਿੱਚ ਅੱਖੀਂ-ਢੁੱਕੀ ਨਾਬਾਲਗ ਲੜਕੀ ਇਕੱਲੀ ਸੀ। ਸ਼ਾਮ ਕਰੀਬ ਚਾਰ ਵਜੇ ਜਦੋਂ ਪਰਿਵਾਰ ਵਾਪਸ ਘਰ ਪਹੁੰਚਿਆ ਤਾਂ ਲੜਕੀ ਨੂੰ ਘਰ ਵਿੱਚ ਨਾ ਵੇਖ ਕੇ ਚਿੰਤਾ ਹੋਈ। ਤਲਾਸ਼ ਦੌਰਾਨ ਘਰ ਦੇ ਗੋਦਾਮ ਵਿੱਚੋਂ ਚੀਕਾਂ ਦੀ ਆਵਾਜ਼ ਸੁਣਾਈ ਦਿੱਤੀ। ਜਦੋਂ ਪਰਿਵਾਰਕ ਮੈਂਬਰ ਮੌਕੇ 'ਤੇ ਪਹੁੰਚੇ ਤਾਂ ਦੋਸ਼ੀ ਨੌਜਵਾਨ ਰਿੰਕੂ ਸਿੰਘ ਉਰਫ਼ ਸਾਜਨ, ਜੋ ਪਿੰਡ ਨੌ ਬਹਿਰਾਮ ਸ਼ੇਰ ਸਿੰਘ ਵਾਲਾ ਦਾ ਵਾਸੀ ਹੈ, ਮੌਕੇ ਤੋਂ ਫਰਾਰ ਹੋ ਗਿਆ। ਲੜਕੀ ਨੇ ਇਸ ਘਟਨਾ ਤੋਂ ਬਾਅਦ ਗਹਿਰੇ ਮਾਨਸਿਕ ਸਦਮੇ ਵਿੱਚ ਆ ਕੇ ਉਸੇ ਰਾਤ ਘੇਤਾਂ ਵਿੱਚੋਂ ਕੋਈ ਜ਼ਹਿਰੀਲਾ ਪਦਾਰਥ ਸੇਵਨ ਕਰ ਲਿਆ। ਹਾਲਤ ਵਿਗੜਨ 'ਤੇ ਪਹਿਲਾਂ ਉਸ ਨੂੰ ਜਲਾਲਾਬਾਦ ਦੇ ਗੁਰੂ ਨਾਨਕ ਹਸਪਤਾਲ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਨੇ ਬਿਹਤਰ ਇਲਾਜ ਲਈ ਰੈਫਰ ਕਰ ਦਿੱਤਾ। ਬਾਅਦ ਵਿੱਚ ਬਠਿੰਡਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਪਰ ਇਲਾਜ ਦੌਰਾਨ 16 ਦਸੰਬਰ 2025 ਦੀ ਸ਼ਾਮ ਨੂੰ ਲੜਕੀ ਨੇ ਦਮ ਤੋੜ ਦਿੱਤਾ। ਲੜਕੀ ਦੀ ਮੌਤ ਦੀ ਖ਼ਬਰ ਮਿਲਦੇ ਸਾਰ ਪੁਲਿਸ ਟੀਮ ਹਸਪਤਾਲ ਪਹੁੰਚੀ ਅਤੇ ਪੀੜਤ ਦੇ ਪਿਤਾ ਦੇ ਬਿਆਨਾਂ ਦਰਜ ਕੀਤੇ। ਪੁਲਿਸ ਨੇ ਦੋਸ਼ੀ ਰਿੰਕੂ ਸਿੰਘ ਵਿਰੁੱਧ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 65, 108 ਅਤੇ ਪੋਕਸੋ ਐਕਟ 2012 ਦੀ ਧਾਰਾ 4 ਤਹਿਤ ਮੁਕੱਦਮਾ ਨੰਬਰ 1182 ਦਰਜ ਕਰ ਲਿਆ ਹੈ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਦੀ ਮੀਟਿੰਗ ਹੋਈ

## ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ ਹਨ




ਚੰਡੀਗੜ੍ਹ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ ਹਨ, ਜੋ ਸੂਬੇ ਦੇ ਲੋਕਾਂ ਲਈ ਰਾਹਤ ਭਰੇ ਅਤੇ ਵਿਕਾਸ ਨਾਲ ਜੁੜੇ ਹੋਏ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਟਿੰਗ ਤੋਂ ਬਾਅਦ ਇਨ੍ਹਾਂ ਫੈਸਲਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਵੀ ਆਵਾਜ਼ ਬੁਲੰਦ ਕੀਤੀ ਹੈ ਅਤੇ ਸੂਬੇ ਦੇ ਵਿਕਾਸ ਲਈ ਕਈ ਵੱਡੇ ਕਦਮ ਚੁੱਕੇ ਹਨ।ਸਭ ਤੋਂ ਪਹਿਲਾਂ ਗੱਲ ਕਰੀਏ 'ਮੇਰਾ ਘਰ ਮੇਰੇ ਨਾਂ' ਸਕੀਮ ਦੀ। ਇਹ ਸਕੀਮ ਪੰਜਾਬ ਦੇ ਲੋਕਾਂ ਨੂੰ ਆਪਣੇ ਘਰਾਂ ਦੀ ਮਾਲਕੀ ਦੇ ਹੱਕ ਦੇਣ ਲਈ ਚਲਾਈ ਜਾ ਰਹੀ ਹੈ। ਪਹਿਲਾਂ ਇਸ ਸਕੀਮ ਤਹਿਤ ਕਿਸੇ ਵੀ ਇਤਰਾਜ਼ ਨੂੰ ਦਾਇਰ ਕਰਨ ਦਾ ਸਮਾਂ 90 ਦਿਨ ਸੀ, ਪਰ ਹੁਣ ਕੈਬਨਿਟ ਨੇ ਇਸ ਨੂੰ ਘਟਾ ਕੇ 30 ਦਿਨ ਕਰ ਦਿੱਤਾ ਹੈ। ਇਸ ਫੈਸਲੇ ਨਾਲ ਸਕੀਮ ਨੂੰ ਲਾਗੂ ਕਰਨ ਵਿੱਚ ਆਉਣ ਵਾਲੀ ਦੇਰੀ ਘਟੇਗੀ ਅਤੇ ਲੋਕਾਂ ਨੂੰ ਜਲਦੀ ਤੋਂ ਜਲਦੀ ਆਪਣੇ ਘਰਾਂ ਦੇ ਕਾਗਜ਼ ਮਿਲ ਜਾਣਗੇ। ਇਹ ਫੈਸਲਾ ਲੱਖਾਂ ਪਰਿਵਾਰਾਂ ਲਈ ਵੱਡੀ ਰਾਹਤ ਹੈ, ਕਿਉਂਕਿ ਪੰਜਾਬ ਵਿੱਚ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਆਪਣੇ ਘਰਾਂ ਵਿੱਚ ਰਹਿੰਦੇ ਹਨ ਪਰ ਮਾਲਕੀ ਹੱਕ ਨਹੀਂ ਮਿਲਿਆ ਹੋਇਆ। ਹੁਣ ਇਹ ਪ੍ਰਕਿਰਿਆ ਤੇਜ਼ ਹੋ ਜਾਵੇਗੀ ਅਤੇ ਲੋਕਾਂ ਨੂੰ ਬੈਂਕ ਲੋਨ ਲੈਣ ਵਿੱਚ ਵੀ ਆਸਾਨੀ ਹੋਵੇਗੀ।ਇਸ ਤੋਂ ਇਲਾਵਾ ਕੈਬਨਿਟ ਨੇ ਕੇਂਦਰ ਸਰਕਾਰ ਵਿਰੁੱਧ ਵੀ ਸਖ਼ਤ ਰੁਖ ਅਪਣਾਇਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਗਰੀਬਾਂ ਦੇ ਹੱਕ ਖੋਹ ਰਹੀ ਹੈਖਾਸ ਕਰਕੇ ਮਨਰੇਗਾ ਯੋਜਨਾ ਵਿੱਚ ਫੰਡ ਨਾ ਦੇ ਕੇ। ਇਸ ਮੁੱਦੇ ਤੇ ਚਰਚਾ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਇਜਲਾਸ ਇੱਕ ਵਿਸ਼ੇਸ਼ ਇਜਲਾਸ 30 ਦਸੰਬਰ ਨੂੰ ਬੁਲਾਇਆ ਗਿਆ ਹੈ। ਇਹ ਇਜਲਾਸ ਇੱਕ ਦਿਨ ਦਾ ਹੋਵੇਗਾ ਜਿਸ ਵਿੱਚ ਕੇਂਦਰ ਦੀਆਂ ਨੀਤੀਆਂ ਵਿਰੁੱਧ ਰਣਨੀਤੀ ਤਿਆਰ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੇ ਸੂਬੇ ਦੇ ਹੱਕਾਂ ਲਈ ਲੜੇਗੀ ਅਤੇ ਗਰੀਬ ਮਜ਼ਦੂਰਾਂ ਨੂੰ ਮਨਰੇਗਾ ਤਹਿਤ ਮਿਲਣ ਵਾਲੇ ਕੰਮ ਅਤੇ ਮਜ਼ਦੂਰੀ ਦੇ ਹੱਕ ਨੂੰ ਯਕੀਨੀ ਬਣਾਏਗੀ। ਇਹ ਫੈਸਲਾ ਪੰਜਾਬ ਦੇ ਗ੍ਰਾਮੀਣ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਬਹੁਤ ਅਹਿਮ ਹੈ ਕਿਉਂਕਿ ਮਨਰੇਗਾ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਵੱਡਾ ਸਹਾਰਾ ਹੈ।ਇੱਕ ਹੋਰ ਵੱਡਾ ਫੈਸਲਾ ਬਠਿੰਡਾ ਵਿੱਚ ਗੁਰੂ ਨਾਨਕ ਦੇਵ ਥਰਮਲ ਪਲਾਂਟ ਨਾਲ ਜੁੜੀ ਜ਼ਮੀਨ ਬਾਰੇ ਲਿਆ ਗਿਆ ਹੈ। ਇੱਥੇ 30 ਏਕੜ ਜ਼ਮੀਨ ਸੀ ਜੋ ਪਹਿਲਾਂ ਪੂਰੀ ਤਰ੍ਹਾਂ ਬੱਸ ਸਟੈਂਡ ਲਈ ਅਲਾਟ ਕੀਤੀ ਗਈ ਸੀ। ਹੁਣ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ ਇਸ ਵਿੱਚੋਂ 20 ਏਕੜ ਜ਼ਮੀਨ ਨੂੰ ਸ਼ਹਿਰੀ ਵਿਕਾਸ ਲਈ ਵਰਤਿਆ ਜਾਵੇਗਾ ਅਤੇ ਬਾਕੀ 10 ਏਕੜ ਤੇ ਆਧੁਨਿਕ ਬੱਸ ਸਟੈਂਡ ਬਣਾਇਆ ਜਾਵੇਗਾ। ਇਸ ਨਾਲ ਬਠਿੰਡਾ ਸ਼ਹਿਰ ਦਾ ਵਿਕਾਸ ਹੋਵੇਗਾ, ਨਵੇਂ ਪ੍ਰੋਜੈਕਟ ਆਉਣਗੇ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਆਧੁਨਿਕ ਬੱਸ ਸਟੈਂਡ ਨਾਲ ਯਾਤਰੀਆਂ ਨੂੰ ਵੀ ਆਰਾਮ ਮਿਲੇਗਾ ਅਤੇ ਟ੍ਰੈਫਿਕ ਦੀ ਸਮੱਸਿਆ ਵੀ ਘਟੇਗੀ।ਸੂਬੇ ਵਿੱਚ ਉਦਯੋਗਾਂ ਨੂੰ ਹੁਲਾਰਾ ਦੇਣ ਲਈ ਵੀ ਵੱਡਾ ਫੈਸਲਾ ਲਿਆ ਗਿਆ ਹੈ। ਹੁਣ ਉਦਯੋਗਪਤੀਆਂ ਨੂੰ ਸਹੂਲਤਾਂ ਲਈ ਬੈਂਕ ਗਰੰਟੀ ਤੋਂ ਇਲਾਵਾ ਕਾਰਪੋਰੇਟ ਗਰੰਟੀ ਦਾ ਵੀ ਵਿਕਲਪ ਮਿਲੇਗਾ। ਇਸ ਨਾਲ ਨਵੇਂ ਨਿਵੇਸ਼ਕਾਂ ਲਈ ਪੰਜਾਬ ਵਿੱਚ ਕਾਰੋਬਾਰ ਸ਼ੁਰੂ ਕਰਨਾ ਆਸਾਨ ਹੋ ਜਾਵੇਗਾ। ਪੰਜਾਬ ਸਰਕਾਰ ਦਾ ਮੰਤਵ ਹੈ ਕਿ ਸੂਬੇ ਵਿੱਚ ਵੱਧ ਤੋਂ ਵੱਧ ਉਦਯੋਗ ਆਉਣ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ। ਇਹ ਫੈਸਲਾ ਪੰਜਾਬ ਨੂੰ ਉਦਯੋਗਿਕ ਹੱਬ ਬਣਾਉਣ ਵਿੱਚ ਮਦਦ ਕਰੇਗਾ ਅਤੇ ਆਰਥਿਕਤਾ ਨੂੰ ਮਜ਼ਬੂਤ ਕਰੇਗਾ।ਇਹ ਸਾਰੇ ਫੈਸਲੇ ਦਿਖਾਉਂਦੇ ਹਨ ਕਿ ਭਗਵੰਤ ਮਾਨ ਸਰਕਾਰ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇ ਰਹੀ ਹੈ। ਇੱਕ ਪਾਸੇ ਗਰੀਬਾਂ ਅਤੇ ਮੱਧ ਵਰਗ ਲਈ ਰਾਹਤ ਦੇ ਫੈਸਲੇ ਹਨ ਤਾਂ ਦੂਜੇ ਪਾਸੇ ਵਿਕਾਸ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨ ਵਾਲੇ ਕਦਮ। ਕੇਂਦਰ ਵਿਰੁੱਧ ਵਿਸ਼ੇਸ਼ ਇਜਲਾਸ ਬੁਲਾਉਣਾ ਵੀ ਦਿਖਾਉਂਦਾ ਹੈ ਕਿ ਸਰਕਾਰ ਸੂਬੇ ਦੇ ਹੱਕਾਂ ਲਈ ਡਟ ਕੇ ਲੜੇਗੀ। ਇਨ੍ਹਾਂ ਫੈਸਲਿਆਂ ਨਾਲ ਪੰਜਾਬ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਉਮੀਦ ਹੈ ਕਿ ਇਹ ਜਲਦੀ ਲਾਗੂ ਹੋ ਕੇ ਲੋਕਾਂ ਨੂੰ ਫਾਇਦਾ ਪਹੁੰਚਾਉਣਗੇ। ਇਹ ਸਾਰੇ ਫੈਸਲੇ ਦਿਖਾਉਂਦੇ ਹਨ ਕਿ ਭਗਵੰਤ ਮਾਨ ਸਰਕਾਰ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇ ਰਹੀ ਹੈ। ਇੱਕ ਪਾਸੇ ਗਰੀਬਾਂ ਅਤੇ ਮੱਧ ਵਰਗ ਲਈ ਰਾਹਤ ਦੇ ਫੈਸਲੇ ਹਨ ਤਾਂ ਦੂਜੇ ਪਾਸੇ ਵਿਕਾਸ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨ ਵਾਲੇ ਕਦਮ। ਕੇਂਦਰ ਵਿਰੁੱਧ ਵਿਸ਼ੇਸ਼ ਇਜਲਾਸ ਬੁਲਾਉਣਾ ਵੀ ਦਿਖਾਉਂਦਾ ਹੈ ਕਿ ਸਰਕਾਰ ਸੂਬੇ ਦੇ ਹੱਕਾਂ ਲਈ ਡਟ ਕੇ ਲੜੇਗੀ। ਇਨ੍ਹਾਂ ਫੈਸਲਿਆਂ ਨਾਲ ਪੰਜਾਬ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਉਮੀਦ ਹੈ ਕਿ ਇਹ ਜਲਦੀ ਲਾਗੂ ਹੋ ਕੇ ਲੋਕਾਂ ਨੂੰ ਫਾਇਦਾ ਪਹੁੰਚਾਉਣਗੇ।ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੇ ਸੂਬੇ ਦੇ ਹੱਕਾਂ ਲਈ ਲੜੇਗੀ ਅਤੇ ਗਰੀਬ ਮਜ਼ਦੂਰਾਂ ਨੂੰ ਮਨਰੇਗਾ ਤਹਿਤ ਮਿਲਣ ਵਾਲੇ ਕੰਮ ਅਤੇ ਮਜ਼ਦੂਰੀ ਦੇ ਹੱਕ ਨੂੰ ਯਕੀਨੀ ਬਣਾਏਗੀ।

# ਸ਼ਹਾਦਤ ਨੂੰ ਸਮਰਪਿਤ ਕਾਲਜ ਵਿੱਚ ਕਵਿਤਾ, ਭਾਸ਼ਣ ਅਤੇ ਕਵਿਜ ਮੁਕਾਬਲੇ ਕਰਵਾਏ ਗਏ





ਚੋਹਲਾ ਸਾਹਿਬ 20 ਦਸੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ, ਸਰਹਾਲੀ ਵਿੱਚ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਹੋਰਨਾਂ ਸਿੰਘਾਂ ਦੀ ਸ਼ਹਾਦਤ ਨੂੰ ਸਮਰਪਿਤ ਕਾਲਜ ਵਿੱਚ ਕਵਿਤਾ, ਭਾਸ਼ਣ ਅਤੇ ਕਵਿਜ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਦੇ ਨਾਲ ਭਾਗ ਲਿਆ ਅਤੇ ਭਾਗੀਦਾਰ ਵਿਦਿਆਰਥੀਆਂ ਵਿੱਚੋਂ ਕਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਚੁਣਿਆ ਗਿਆ। ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰੋਫੈਸਰ ਦਿਲਪ੍ਰੀਤ ਸਿੰਘ ਅਤੇ ਮੈਡਮ ਪਰਮਜੀਤ ਕੌਰ ਦੁਆਰਾ ਕੀਤਾ ਗਿਆ। ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੱਲੋਂ ਇਨਾਮ ਤਕਸੀਮ ਕੀਤੇ ਗਏ, ਕਾਲਜ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੇ ਸਿੱਖੀ ਨਾਲ ਜੋੜਦੇ ਹਨ। ਹਰੇਕ ਸੰਸਥਾ ਨੂੰ ਅਜਿਹੇ ਵਸੀਲੇ ਘੜਨੇ ਚਾਹੀਦੇ ਹਨ ਤਾਂ ਜੋ ਵਿਦਿਆਰਥੀ ਮਨ ਦੇ ਤੌਰ ਤੇ ਆਪਣੇ ਇਤਿਹਾਸ ਦੇ ਨਾਲ ਜੁੜ ਸਕਣ ਅਤੇ ਚੰਗੇ ਇਨਸਾਨ ਬਣ ਸਕਣ। ਇਸ ਦੌਰਾਨ ਹਿਸਟਰੀ ਵਿਭਾਗ ਦੇ ਪ੍ਰੋਫੈਸਰ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਸ਼ਹੀਦੀ ਬਿਰਤਾਨਤ ਸਬੰਧੀ ਵਿਸਥਾਰਪੂਰਕ ਜਾਣਕਾਰੀ ਦਿੱਤੀ। ਇਸ ਮੌਕੇ ਉੱਤੇ ਵਿਦਿਆਰਥੀਆਂ ਅਤੇ ਅਧਿਆਪਕ ਦੀਆਂ ਗੋਸ਼ਟੀਆਂ ਨੇ ਸਿੱਖ ਇਤਿਹਾਸ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕੀਤਾ ਅਤੇ ਇਸ ਮੌਕੇ 'ਤੇ ਪ੍ਰਿੰਸੀਪਲ ਸਾਹਿਬ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਰਹੇ।

# ਪੰਜਾਬ ਸਖੀ ਸ਼ਕਤੀ ਮੇਲੇ` ਦੇ ਦੂਸਰੇ ਦਿਨ ਗ੍ਰਾਹਕਾਂ ਦੀ ਲੱਗੀ ਭੀੜ, ਲੋਕਾਂ ਨੇ ਆਪਣੀਆਂ ਪਸੰਦੀਦਾ ਵਸਤਾਂ ਦੀ ਖਰੀਦਾਰੀ ਕੀਤੀ



**ਤਰਨ ਤਾਰਨ,20 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਪੰਜਾਬ ਰਾਜ ਦਿਹਾਤੀ ਆਜੀਵਕਾ ਮਿਸ਼ਨ, ਤਰਨ ਤਾਰਨ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਅਤੇ ਉਦਯੋਗ ਅਤੇ ਵਣਜ ਵਿਭਾਗ ਦੇ ਸਹਿਯੋਗ ਨਾਲ ਦੁਸ਼ਿਹਰਾ ਗਰਾਊਂਡ, ਤਰਨ ਤਾਰਨ ਵਿਖੇ ਲਗਾਏ ਗਏ ਪੰਜਾਬ ਸਖੀ ਸ਼ਕਤੀ ਮੇਲੇ ਦੇ ਦੂਜੇ ਦਿਨ ਗ੍ਰਾਹਕਾਂ ਦੀ ਵੱਡੀ ਭੀੜ ਦੇਖਣ ਨੂੰ ਮਿਲੀ ਅਤੇ ਗ੍ਰਾਹਕਾਂ ਵੱਲੋਂ ਵੱਖ-ਵੱਖ ਸਟਾਲਾਂ ਤੋਂ ਆਪਣੀ ਪਸੰਦੀਦਾ ਸਮਾਨ ਖਰੀਦਿਆ ਗਿਆ। ਮੇਲੇ ਦੌਰਾਨ ਤਰਨ ਤਾਰਨ ਦੇ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਭਰਾਤਾ ਰਾਜਬੀਰ ਸਿੰਘ ਸੰਧੂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਸੈਲਫ ਹੈਲਪ ਗਰੁੱਪਾਂ ਦੀਆਂ ਮਹਿਲਾਵਾਂ ਦੀ ਹੌਸਲਾ ਅਫ਼ਜਾਈ ਕੀਤੀ। ਇਸ ਮੌਕੇ ਰਾਜਬੀਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਰਾਜ ਦਿਹਾਤੀ ਆਜੀਵਕਾ ਮਿਸ਼ਨ, ਤਰਨ ਤਾਰਨ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਅਤੇ ਉਦਯੋਗ ਅਤੇ ਵਣਜ ਵਿਭਾਗ ਦੇ ਸਹਿਯੋਗ ਨਾਲ ਦੁਸ਼ਿਹਰਾ ਗਰਾਊਂਡ, ਤਰਨ ਤਾਰਨ ਵਿਖੇ ਲਗਾਇਆ ਗਿਆ ਇਹ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ- ਮਹਿਲਾ ਉੱਦਮੀਆਂ ਦੇ ਸਸ਼ਕਤੀਕਰਨ ਵਿੱਚ ਅਹਿਮ ਰੋਲ ਅਦਾ ਕਰੇਗਾ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਇਸ ਮੇਲੇ ਵਿੱਚ ਪਹੁੰਚ ਕੇ ਖਰੀਦਦਾਰੀ ਕਰਨ ਤਾਂ ਜੋ ਸਾਡੀਆਂ ਭੈਣਾਂ ਨੂੰ ਇਸ ਦਾ ਆਰਥਿਕ ਲਾਭ ਮਿਲ ਸਕੇ। ਪੰਜਾਬ ਸਖੀ ਸ਼ਕਤੀ ਮੇਲੇ ਵਿਚ ਜ਼ਿਲ੍ਹੇ ਦੇ 60 ਦੇ ਕਰੀਬ ਸਵੈ ਸਹਾਇਤਾ ਸਮੂਹਾਂ ਨੇ ਆਪਣੇ ਸਟਾਲ ਲਗਾਏ ਹੋਏ ਹਨ, ਜਿਨ੍ਹਾਂ ਵਿੱਚ ਘਰੇਲੂ ਵਰਤੋਂ ਦਾ ਸਮਾਨ, ਔਰਤਾਂ, ਬੱਚਿਆਂ ਦੇ ਮੁਰੱਬੇ, ਚਟਨੀਆਂ, ਗੁੜ, ਸ਼ਹਿਦ ਅਤੇ ਹੋਰ ਰੋਜ਼ਾਨਾਂ ਵਰਤੋਂ ਦਾ ਸਮਾਨ ਵੇਚਿਆ ਜਾ ਰਿਹਾ ਹੈ। ਮੇਲੇ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵੀ ਸਟਾਲ ਲਗਾਏ ਗਏ ਹਨ ਜਿੱਥੇ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਮੇਲੇ ਦੌਰਾਨ ਸਿਹਤ ਵਿਭਾਗ ਵੱਲੋਂ ਸਟਾਲ ਲਗਾ ਕੇ ਲੋਕਾਂ ਦੀ ਸਿਹਤ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮੇਲੇ ਵਿੱਚ ਖਾਣ-ਪੀਣ ਦੇ ਸਟਾਲ ਵੀ ਲਗਾਏ ਗਏ ਹਨ।ਇਸ ਮੌਕੇ ਨਾਇਬ ਤਹਿਸੀਲਦਾਰ ਸ੍ਰੀਮਤੀ ਅਰਚਨਾ ਸ਼ਰਮਾ ਵੱਲੋਂ ਵੀ ਇਸ ਮੇਲੇ ਵਿੱਚ ਹਾਜ਼ਰੀ ਭਰੀ ਗਈ। ਉਹਨਾਂ ਨੇ ਸਟਾਲਾਂ ਦਾ ਦੌਰਾ ਕਰਨ ਦੇ ਨਾਲ ਇਥੋਂ ਖ਼ਰੀਦਦਾਰੀ ਵੀ ਕੀਤੀ। ਇਸ ਮੌਕੇ ਉਹਨਾਂ ਕਿਹਾ ਕਿ ਸਵੈ-ਸਹਾਇਤਾ ਸਮੂਹਾਂ ਵੱਲੋਂ ਆਪਣੇ ਹੱਥੀਂ ਬਣਾਇਆ ਜੋ ਸਮਾਨ ਬਣਾ ਕੇ ਵੇਚਿਆ ਜਾ ਰਿਹਾ ਹੈ ਉਹ ਉੱਚ ਮਿਆਰੀ ਤੇ ਬਜ਼ਾਰ ਦੇ ਮੁਕਾਬਲੇ ਬਹੁਤ ਕਿਫ਼ਾਇਤੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਹੈ ਕਿ ਉਹ ਇਸ ਮੇਲੇ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਖ਼ਰੀਦਦਾਰੀ ਕਰਨ ਤਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਸਵਾਣੀਆਂ ਨੂੰ ਲਾਭ ਪਹੁੰਚ ਸਕੇ। ਉਹਨਾਂ ਕਿਹਾ ਕਿ 20 ਦਸੰਬਰ ਨੂੰ ਮੇਲੇ ਦਾ ਆਖਰੀ ਦਿਨ ਹੋਵੇਗਾ। ਇਸ ਮੌਕੇ ਸੈਲਫ ਹੈਲਪ ਗਰੁੱਪ ਦੀ ਜ਼ਿਲ੍ਹਾ ਮੈਨੇਜਰ ਸ੍ਰੀਮਤੀ ਗੁਰਪ੍ਰੀਤ ਕੌਰ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨਾਲ ਸਵੈ-ਸਹਾਇਤਾ ਸਮੂਹਾਂ ਦੀ ਕਾਰਜ ਪ੍ਰਣਾਲੀ ਅਤੇ ਮਹਿਲਾ ਸਸ਼ਕਤੀਕਰਨ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਇਸ ਮੌਕੇ ਪੰਚਾਇਤ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

# ਏਕਲ ਅਭਿਆਨ ਸੰਭਾਦ ਪੂਰਵ ਪੰਜਾਬ ਆਂਚਲ ਸ਼੍ਰੀ ਮੁਕਤਸਰ ਸਾਹਿਬ ਦੀ ਐਸ ਓ ਸੀ ਸਮਿਤੀ ਬੈਠਕ ਸਫਲਤਾ ਪੂਰਵਕ ਸੰਪਨ: ਜਸਵੀਰ ਸ਼ਰਮਾ ਦੱਦਾਹੂਰ





**ਸ੍ਰੀ ਮੁਕਤਸਰ ਸਾਹਿਬ | ਜਸਵੀਰ ਸ਼ਰਮਾ ਦੱਦਾਹੂਰ**

ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਦਿਵਸੀਯ ਕਮੇਟੀ ਪ੍ਰਸ਼ਿਕਸ਼ਣ ਵਰਗ (SOC) ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਆਯੋਜਿਤ ਕੀਤਾ ਗਿਆ। ਇਸ ਵਰਗ ਵਿੱਚ ਸ੍ਰੀਮਾਨ ਚਰਨਜੀਤ ਜੋਸ਼ੀ ਜੀ, ਅੰਚਲ ਅਧਜਕਸ਼; ਸੋਨੀ ਬਾਬਾ ਜੀ, ਅੰਚਲ ਸਕੱਤਰ; ਅੰਚਲ ਉਪਾਧਜਕਸ਼ ਸ੍ਰੀਮਾਨ ਰਾਜੇਸ਼ ਕੁਮਾਰ ਜੀ; ਜਸਵੀਰ ਸ਼ਰਮਾ ਦੱਦਾਹੂਰ ਜੀ, ਅੰਚਲ ਕੋਸ਼ ਅਧਜਕਸ਼; ਦੀਦੀ ਪ੍ਰਿਯੰਕਾ ਜੀ, ਸੰਸਕਾਰ ਸ਼ਿਕਸ਼ਾ ਦੀ ਉਪਾਧਜਕਸ਼; ਇੱਕਲ ਗ੍ਰਾਮ ਸੰਗਠਨ ਕੇਂਦਰੀ ਸਹ-ਪ੍ਰਮੁੱਖ ਸ੍ਰੀਮਾਨ ਰਾਜ ਸਿੰਘ ਜੀ; ਸਮੂਹ ਸੰਭਾਗ ਪ੍ਰਮੁੱਖ ਸ੍ਰੀਮਾਨ ਕੁਲਦੀਪ ਸਿੰਘ ਜੀ; ਸੰਭਾਗ ਪ੍ਰਸ਼ਿਕਸ਼ਣ ਪ੍ਰਮੁੱਖ ਸ੍ਰੀਮਤੀ ਪਰਮਜੀਤ ਕੌਰ ਜੀ; ਸੰਭਾਗ ਗਤੀਵਿਧੀ ਪ੍ਰਮੁੱਖ ਸ੍ਰੀਮਾਨ ਯੁੱਧਵੀਰ ਸਿੰਘ ਜੀ; ਸੰਭਾਗ ਸ੍ਰੀ ਹਰਿ ਕਥਾ ਪ੍ਰਸਾਰ ਯੋਜਨਾ ਪ੍ਰਮੁੱਖ ਕੁਮਾਰੀ ਨਿਰਮਲ ਜੀ; ਭਾਗ ਗਤੀਵਿਧੀ ਪ੍ਰਮੁੱਖ ਬਲਕਾਰ ਸਿੰਘ ਜੀ; ਅੰਚਲ ਅਭਿਆਨ ਪ੍ਰਮੁੱਖ ਸ੍ਰੀਮਾਨ ਸੰਦੀਪ ਸਿੰਘ ਜੀ; ਅੰਚਲ ਅਤੇ ਸੰਚ ਦੇ ਕਾਰਕਰਤਾ, ਵਿਸ਼ਾ ਪ੍ਰਭਾਰੀ, ਅੰਚਲ ਕਮੇਟੀ, ਸੰਚ ਦੇ ਸੰਚ ਅਧਜਕਸ਼, ਉਪਾਧਜਕਸ਼ ਅਤੇ ਸਕੱਤਰ ਆਦਿ ਦੀ ਉਪਸਥਿਤੀ ਵਿੱਚ ਵਰਗ ਸੰਪੰਨ ਹੋਇਆ।

ਉਦਘਾਟਨ ਤੋਂ ਬਾਅਦ ਸ੍ਰੀਮਾਨ ਰਾਜ ਸਿੰਘ ਜੀ (ਗ੍ਰਾਮ ਸੰਗਠਨ ਸਹ-ਕੇਂਦਰੀ ਪ੍ਰਮੁੱਖ) ਨੇ ਇੱਕਲ ਦਾ ਉਦੇਸ਼, ਕਾਰਯਖੇਤਰ, ਕਾਰਯ ਯੋਜਨਾ, ਕਾਰਯਕਾਰਣੀ ਅਤੇ ਵਿਸ਼ਾ ਕਮੇਟੀ ਆਦਿ ਵਿਸ਼ਿਆਂ ਨੂੰ ਕਮੇਟੀ ਦੇ ਸਾਹਮਣੇ ਰੱਖਿਆ। ਉਨ੍ਹਾਂ ਵੱਲੋਂ ਅਭਿਆਨ ਕਮੇਟੀ ਅਤੇ ਸਮਨਵਯ ਦੇ ਵਿਸ਼ੇ 'ਤੇ ਵੀ ਵਿਚਾਰ ਰੱਖੇ ਗਏ। ਸ੍ਰੀਮਾਨ ਰਾਜ ਸਿੰਘ ਜੀ ਨੇ ਕਮੇਟੀ ਪ੍ਰਵਾਸ ਅਤੇ ਸਮਰਪਣ ਲਈ ਸਭ ਨੂੰ ਆਹਵਾਨ ਕੀਤਾ।

ਸ੍ਰੀਮਾਨ ਚਰਨਜੀਤ ਜੋਸ਼ੀ ਜੀ ਨੇ ਇੱਕਲ ਨੂੰ ਜਨ-ਜਨ ਦਾ ਅਭਿਆਨ ਬਣਾਉਣ ਲਈ ਕਮੇਟੀ ਵਿਸਥਾਰ 'ਤੇ ਸਭ ਦਾ ਧਿਆਨ ਆਕਰਸ਼ਿਤ ਕੀਤਾ।

ਸਮਾਪਨ ਸਤਰ ਵਿੱਚ ਅੰਚਲ ਕਮੇਟੀ ਵੱਲੋਂ ਜਨਵਰੀ ਦੇ ਅੰਤ ਤੱਕ ਆਪਣੇ ਸੰਚ ਅਤੇ ਕਮੇਟੀਆਂ ਤਿਆਰ ਕਰਕੇ ਕਮੇਟੀ ਪ੍ਰਸ਼ਿਕਸ਼ਣ ਕਰਵਾਉਣ ਦਾ ਲਕਸ਼ ਨਿਰਧਾਰਤ ਕੀਤਾ ਗਿਆ। ਸਮਾਪਨ 'ਤੇ ਅੰਚਲ ਅਧਜਕਸ਼ ਜੀ ਵੱਲੋਂ ਧੰਨਵਾਦ ਪ੍ਰਸਤੁਤ ਕੀਤਾ ਗਿਆ।

ਇਸ ਪ੍ਰਸ਼ਿਕਸ਼ਣ ਵਰਗ ਵਿੱਚ ਉਪਸਥਿਤੀ:

ਕਮੇਟੀ ਵਿੱਚੋਂ ਉਮੀਦਿਤ: 45

ਉਪਸਥਿਤ: 40

ਸੇਵਾਵਰਤੀ ਕਾਰਕਰਤਾ ਉਮੀਦਿਤ: 19

ਉਪਸਥਿਤ: 17

ਮੁੱਖ ਵਿਸ਼ਾ ਬਿੰਦੂ:

1. ਇੱਕਲ ਨੂੰ ਜਨ-ਜਨ ਦਾ ਅਭਿਆਨ ਬਣਾਉਣ ਲਈ ਹਰ ਪੱਧਰ 'ਤੇ ਕਮੇਟੀਆਂ ਦਾ ਵਿਸਥਾਰ ਕਰਨਾ।
2. ਨਵੰਬਰ ਮਹੀਨੇ ਵਿੱਚ ਅੰਚਲ ਪੱਧਰ 'ਤੇ ਕਮੇਟੀਆਂ ਦੀ ਰਚਨਾ ਅਤੇ ਪ੍ਰਸ਼ਿਕਸ਼ਣ ਪੂਰਾ ਕਰਨਾ।
3. ਦਸੰਬਰ ਅਤੇ ਜਨਵਰੀ ਵਿੱਚ ਸੰਚ ਕਾਰਯਕਾਰਣੀ ਦੀ ਰਚਨਾ ਕਰਕੇ ਪ੍ਰਸ਼ਿਕਸ਼ਣ ਸੰਪੰਨ ਕਰਨਾ।
4. ਹਰ ਮਹੀਨੇ ਕਮੇਟੀ ਦੀ ਬੈਠਕ ਸੰਪੰਨ ਕਰਨਾ।
5. ਯੁਵਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਧ ਤੋਂ ਵੱਧ ਯੁਵਾਂ ਨੂੰ ਇੱਕਲ ਨਾਲ ਜੋੜਨਾ।
6. ਕਮੇਟੀ ਸਮਰਪਣ 100 ਪ੍ਰਤੀਸ਼ਤ ਲਕਸ਼ ਪ੍ਰਾਪਤ ਕਰਨਾ। ਇਨ੍ਹਾਂ ਏਜੰਡਿਆਂ ਤੇ ਖੁਲ ਕੇ ਵਿਚਾਰਾਂ ਕੀਤੀਆਂ ਗਈਆਂ।

# ਸ਼ਹੀਦ ਲੈਸ ਨਾਇਕ ਸਿੰਗਾਰਾ ਸਿੰਘ ਮਹਾਂਵੀਰ ਚੱਕਰ ਦੀ ਬਰਸੀ ਮਨਾਈ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 20 ਦਸੰਬਰ ਚੋਹਲਾ ਸਾਹਿਬ ਵਿਖੇ ਸ਼ਹੀਦ ਲੈਸ ਨਾਇਕ ਸ਼ਿੰਗਾਰਾ ਸਿੰਘ ਮਹਾਂਵੀਰ ਚੱਕਰ ਦੀ 55 ਵੀ ਬਰਸੀ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਇਸ ਮੋਏ ਸ਼ਹੀਦੀ ਸਮਾਰਕ ਤੇ ਪਹੁੰਚ ਕੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਅਤੇ ਹੋਰ ਜਥੇਬੰਦੀਆਂ ਵੱਲੋ ਸ਼ਰਧਾਂਜਲੀ ਭੇਟ ਕੀਤੀ ਅਤੇ ਸਮਾਰਕ ਤੇ ਝੰਡਾ ਚੜ੍ਹਾੜ੍ਹਿਆ ਗਿਆ। ਇਸ ਮੌਕੇ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਉਹਨਾਂ ਦੀ ਧੀ ਰਾਜਵੰਤ ਕੌਰ, ਨੂੰਹ ਅਮਨਦੀਪ ਕੌਰ ਨੂੰ ਅਤੇ ਸੈਨਿਕ ਸੰਘਰਸ਼ 'ਚ ਯੋਗਦਾਨ ਪਾਉਣ ਵਾਲੇ ਸਾਬਕਾ ਸੈਨਿਕਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ. ਇਸ ਸ਼ਹੀਦੀ ਸਮਾਗਮ ਚ ਸਾਬਕਾ ਸੈਨਿਕ ਆਗੂਆਂ ਨੇ ਵੱਡੀ ਗਿਣਤੀ ਚ ਸਮੂਲੀਅਤ ਕੀਤੀ। ਇਸ ਮੌਕੇ ਪ੍ਰਧਾਨ ਹਰਬੰਸ ਸਿੰਘ ਚੋਹਲਾ ਸਾਹਿਬ ਤੋਂ ਇਲਾਵਾ ਸੂਬੇਦਾਰ ਸੁਖਬੀਰ ਸਿੰਘ ਧੁੰਨ, ਸੂਬੇਦਾਰ ਤਾਰਾ ਸਿੰਘ ਸਾਬ. ਤਰਸੇਮ ਸਿੰਘ ਲੁਹਾਰ ਸੈਨਾ ਮੈਡਲ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਸਰਹਾਲੀ, ਕੁਲਦੀਪ ਸਿੰਘ ਰਾਣੀਵਿਲਾਹ, ਕਸ਼ਮੀਰ ਸਿੰਘ ਚੰਬਾ ਖੁਰਦ, ਸਾਬਕਾ ਸਰਪੰਚ ਅਮਰੀਕ ਸਿੰਘ, ਸੂਬੇਦਾਰ ਬਲਵੰਤ ਸਿੰਘ, ਸੂਬੇਦਾਰ ਹਰਦੀਪ ਸਿੰਘ, ਹੌਲਦਾਰ ਸੁਰਜੀਤ ਸਿੰਘ ਮੇਜਰ ਸਿੰਘ ਸਤਨਾਮ ਸਿੰਘ ਮੇਜਰ ਸਿੰਘ ਗੁਰਦੀਪ ਸਿੰਘ,ਨਾਇਬ ਸੂਬੇਦਾਰ ਸਤਨਾਮ ਸਿੰਘ,ਭਗਵੰਤ ਸਿੰਘ, ਸੂਬੇਦਾਰ ਬਲਦੇਵ ਸਿੰਘ ਗੁਰਦੀਪ ਸਿੰਘ ਮਹਿੰਦਰ ਸਿੰਘ ਬਖਸ਼ੀਸ਼ ਸਿੰਘ ਹੌਲਦਾਰ ਰਣਜੀਤ ਸਿੰਘ ਚੀਮਾ ਰਣਜੀਤ ਸਿੰਘ ਰਾਣਾ ਨਿਸਾਨ ਸਿੰਘ ਦਿਲਜੀਤ ਸਿੰਘ ਬ੍ਰਹਮਪੁਰ ਮੇਜਰ ਸਿੰਘ ਪ੍ਰਭਜੋਤ ਸਿੰਘ ਹਰਬੰਸ ਸਿੰਘ ਲਖਵਿੰਦਰ ਸਿੰਘ ਸਿੰਦਰ ਸਿੰਘ, ਨਾਇਕ ਚੈਂਚਲ ਸਿੰਘ,ਸੁਖਦੇਵ ਸਿੰਘ ਸਾਹ, ਹੌਲਦਾਰ ਮੁਖਤਾਰ ਸਿੰਘ, ਨਿਰਮਲ ਜਸਬੀਰ ਕੁਲਵੰਤ ਸਿੰਘ, ਆਦਿ ਤੋਂ ਇਲਾਵਾ ਚੋਹਲਾ ਸਾਹਿਬ ਨਗਰ ਦੇ ਸਹਿਯੋਗ ਨਾਲ ਇਹ ਸਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ।

# ਹਮੇਸ਼ਾ ਯਾਦ ਰਹੇਗਾ ਬਲਾਕ ਚੋਹਲਾ ਸਾਹਿਬ ਦਾ ਪਹਿਲਾ ਵਿੱਦਿਅਕ ਮੁਕਾਬਲਾ




**ਚੋਹਲਾ ਸਾਹਿਬ/ਤਰਨ ਤਾਰਨ, 20 ਦਸੰਬਰ | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ )**

ਬਲਾਕ ਚੋਹਲਾ ਸਾਹਿਬ ਦਾ ਪਹਿਲਾ ਵਿੱਦਿਅਕ ਮੁਕਾਬਲਾ ਸਰਕਾਰੀ ਐਲੀਮੈਂਟਰੀ ਸਕੂਲ ਭੈਲ ਢਾਏ ਵਾਲਾ ਬਲਾਕ ਸਿੱਖਿਆ ਅਫਸਰ ਕੁਲਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਵਿਖੇ ਕਰਵਾਇਆ ਗਿਆ। ਜਿਸ ਵਿੱਚ ਕੁਇਜ਼ ਮੁਕਾਬਲਾ, ਸੁੰਦਰ ਲਿਖਾਈ ਪੰਜਾਬੀ ਅਤੇ ਸੁੰਦਰ ਲਿਖਾਈ ਅੰਗਰੇਜ਼ੀ ਮੁਕਾਬਲੇ ਕਰਵਾਏ ਗਏ। ਕੁਵਿਜ਼ ਮੁਕਾਬਲੇ ਵਿੱਚ 26 ਟੀਮਾਂ ਅਤੇ ਸੁੰਦਰ ਲਿਖਤ ਮੁਕਾਬਲੇ ਵਿੱਚ 30 ਟੀਮਾਂ ਨੇ ਹਿੱਸਾ ਲਿਆ। ਕੁਇਜ਼ ਮੁਕਾਬਲੇ ਵਿੱਚ ਤੀਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਫਤਿਹਾਬਾਦ ਕੰਨਿਆ, ਦੂਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਚੋਹਲਾ ਸਾਹਿਬ ਕੰਨਿਆ। ਪਹਿਲਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਹਾਸਿਲ ਕੀਤਾ। ਸੁੰਦਰ ਲਿਖਾਈ ਪੰਜਾਬੀ ਤੀਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਸਰਹਾਲੀ ਕੰਨਿਆ (ਸਹਿਜਪ੍ਰੀਤ ਕੌਰ), ਦੂਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਖਾਰਾ (ਹਰਮਨ ਸਿੰਘ), ਪਹਿਲਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਖਾਨ ਛਾਪੜੀ (ਜੋਰਾਵਰ ਸਿੰਘ)ਨੇ ਹਾਸਿਲ ਕੀਤਾ। ਸੁੰਦਰ ਲਿਖਾਈ ਅੰਗਰੇਜ਼ੀ ਵਿੱਚ ਤੀਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਜਾਮਾਰਾਏ (ਕੋਮਲਪ੍ਰੀਤ ਕੌਰ), ਦੂਸਰਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਠੱਠੀਆਂ ਮਹੰਤਾਂ (ਹਸਨਪ੍ਰੀਤ ਕੌਰ) ਪਹਿਲਾ ਸਥਾਨ- ਸਰਕਾਰੀ ਐਲੀਮੈਂਟਰੀ ਸਕੂਲ ਮੁੰਡਾ ਪਿੰਡ (ਸੁਖਮਨਪ੍ਰੀਤ ਕੌਰ) ਨੇ ਹਾਸਿਲ ਕੀਤਾ। ਇਸ ਮੌਕੇ ਬਲਾਕ ਸਿੱਖਿਆ ਅਫਸਰ ਕੁਲਵਿੰਦਰ ਸਿੰਘ ਨੇ ਵਿਦਿਅਕ ਮੁਕਾਬਲਾ ਕਰਵਾਉਣ ਲਈ ਸਰਕਾਰੀ ਐਲੀਮੈਂਟਰੀ ਸਕੂਲ ਭੈਲ ਢਾਏ ਵਾਲਾ ਦੇ ਸਮੂਹ ਸਟਾਫ ਅਤੇ ਸਕੂਲ ਮੁਖੀ ਗਗਨਦੀਪ ਸਿੰਘ ਨੂੰ ਵਧਾਈ ਦਿੰਦਿਆ ਕਿਹਾ ਬਲਾਕ ਚੋਹਲਾ ਸਾਹਿਬ ਦਾ ਪਹਿਲਾ ਵਿੱਦਿਅਕ ਮੁਕਾਬਲਾ ਕਰਵਾਉਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।


## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410

Website : ggskcsarhali.ac.in E-mail : ggscollegesarhali@yahoo.co.in

ਸਰਹਾਲੀ ESTD. 1970

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

### ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ

10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

- B.A.
- B.C.A.
- M.Com.
- P.G.D.C.A.
- B.Sc. (N.M.)
- B.Com.
- M.A. (Pbi.)
- D.C.A.
- B.Sc. (C.Sc.)
- B.Sc. (Eco.)
- M.Sc. (IT)
- D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

- B.C.A.
- M.A. (Pbi.)
- D.I.T.
- D.F.D.
- B.Com.
- M.A. (Eng.)
- M.Sc. (C.Sc.)
- C.G.S.T.
- B.B.A.
- M.C.A.
- M.B.A.
- Diploma in Care Giver (Old Age Care)
- Diploma in Nanny Care (Early Childhood Care)

ਵਿਸ਼ੇਸ਼ ਸਹੂਲਤਾਂ

- ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
- ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
- ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
- ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
- N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ) : 98781-70700

Helpline No. : 95011-03467, 98780-68015, 94179-36759, 81469-99004

ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ) : 95017-46500


# ਖ਼ਾਲਸਾ ਕਾਲਜ ਚੋਹਲਾ ਸਾਹਿਬ ਵਿੱਚ ਐਨ.ਐਸ.ਐਸ਼ ਕੈਂਪ ਦਾ ਤੀਜਾ ਦਿਨ ਰਿਹਾ ਸਿਖਿਆਦਾਇਕ







**ਚੋਹਲਾ ਸਾਹਿਬ/ਤਰਨ ਤਾਰਨ, 20 ਦਸੰਬਰ | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ )**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਫਲਤਾ ਪੂਰਵਕ ਚੱਲ ਰਹੇ, ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ, ਵਿਖੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਦੀ ਅਗਵਾਈ ਹੇਠ ਲਗਾਏ ਗਏ ਐਨ.ਐਸ.ਐਸ ਕੈਂਪ ਦੇ ਅੱਜ ਤੀਸਰੇ ਦਿਨ ਦੀ ਸ਼ੁਰੂਆਤ ਸਵੇਰ ਦੀ ਪ੍ਰਾਥਨਾ ਅਤੇ ਸਵੇਰ ਦੀ ਸੈਰ ਨਾਲ ਕਰਵਾਈ ਗਈ। ਪ੍ਰੋ: ਪ੍ਰਿਤਬੀਰ ਕੌਰ ਨੇ ਐਨ.ਐਸ.ਐਸ ਵਲੰਟੀਅਰ ਨੂੰ ਸਵੇਰ ਦੀ ਸੈਰ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਕਾਲਜ ਦੇ ਪ੍ਰੋ. ਬਲਜਿੰਦਰ ਸਿੰਘ ਵਲੋਂ ਵਿਦਿਆਰਥੀਆਂ ਨੂੰ ਨਿਰੋਈ ਸਿਹਤ ਲਈ ਰੋਜਾਨਾ ਕਰਨ ਲਈ ਸਰੀਰਕ ਕਸਰਤਾਂ ਸਿਖਾਈਆਂ। ਉਨ੍ਹਾਂ ਕਿਹਾ ਕਿ ਕਸਰਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਇਸ ਉਪਰੰਤ ਵਿਦਿਆਰਥੀਆਂ ਲਈ ਚਾਹ ਦਾ ਪ੍ਰਬੰਧ ਕੀਤਾ ਗਿਆ। ਦੂਜੇ ਸੈਸ਼ਨ ਵਿੱਚ ਵਿਦਿਆਰਥੀਆਂ ਨੂੰ ਯੋਗਾ ਟਰੇਨਰ ਰੋਹਿਤ ਸਾਗਵਨ ਦੁਆਰਾ ਯੋਗ ਆਸਣਾਂ ਬਾਰੇ ਜਾਣਕਾਰੀ ਦਿੰਦੇ ਹੋਏ ਯੋਗ ਆਸਣ ਕਰਵਾਏ ਗਏ। ਤੀਜੇ ਸੈਸ਼ਨ ਦੇ ਵਿੱਚ ਪ੍ਰੋ: ਕਿਰਨਦੀਪ ਕੌਰ ਸਾਇੰਸ ਵਿਭਾਗ ਦੁਆਰਾ ਵਿਦਿਆਰਥੀਆਂ ਨੂੰ ਸਾਫ ਸਫਾਈ, ਸੰਤੁਲਿਤ ਭੋਜਨ ਅਤੇ ਮਾਨਸਿਕ ਸਿਹਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਬੋਲਦਿਆਂ ਕਿਹਾ ਕਿ ਇਸ ਕੈਂਪ ਦਾ ਮੂਲ ਮੰਤਵ ਵਿਦਿਆਰਥੀਆ ਵਿੱਚ ਸੇਵਾ ਭਾਵ ਨੂੰ ਪ੍ਰਬਲ ਕਰਨ ਦੇ ਨਾਲ ਨਾਲ ਸਮਾਜ ਸੁਧਾਰ ਲਈ ਪ੍ਰਪੱਕ ਕਰਨਾ ਵੀ ਹੈ। ਇਸ ਤਰ੍ਹਾਂ ਅੱਜ ਦਾ ਤੀਜਾ ਦਿਨ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਰਿਹਾ।



ਫੋਟੋ : ਪਰਮਿੰਦਰ ਚੋਹਲਾ

# ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਦੇ ਸੇਵਕ ਬਾਬਾ ਫਰੀਦ ਨਿਸ਼ਾਨ ਸਾਹਿਬ ਵਾਲਿਆਂ ਵੱਲੋਂ ਅਤੇ ਸਰਹਾਲੀ ਕਲਾਂ ਦੀ ਸੰਗਤ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਸਨਮਾਨਤ

ਚੋਹਲਾ ਸਾਹਿਬ 20 ਦਸੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ ) ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵੱਲੋਂ ਇਸ ਵਰ੍ਹੇ ਆਏ ਹੜ੍ਹਾਂ ਦੌਰਾਨ ਵੱਡੀਆਂ ਸੇਵਾਵਾਂ ਨਿਭਾਈਆਂ ਗਈਆਂ ਹਨ, ਜਿਸ ਨਾਲ ਹੜ੍ਹ ਪੀੜਤਾਂ ਨੂੰ ਵੱਡੀ ਰਾਹਤ ਪ੍ਰਾਪਤ ਹੋਈ। ਇਨਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅੱਜ ਪਿੰਡ ਸਰਹਾਲੀ ਕਲਾਂ ਦੀ ਸੰਗਤ ਵੱਲੋਂ ਤਿੰਨ ਥਾਵਾਂ ਤੇ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ ਕੀਤਾ ਗਿਆ। ਪੱਤੀ ਵੱਡਾ ਪਾਸਾ ਵਿੱਚ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਦੇ ਸੇਵਕ ਬਾਬਾ ਫਰੀਦ ਨਿਸ਼ਾਨ ਸਾਹਿਬ ਵਾਲਿਆਂ ਵੱਲੋਂ ਅਤੇ ਸੁਖਦੇਵ ਸਿੰਘ ਮੱਟਾ ਤੇ ਕੁਲਵੰਤ ਸਿੰਘ ਕੰਤਾ ਦੇ ਪਰਿਵਾਰਾਂ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬਾਬਾ ਭੋਲਾ ਸਿੰਘ ਨੇ ਬੋਲਦਿਆਂ ਆਖਿਆ, " ਅਸੀਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਮੂਹ ਸੰਗਤ ਵੱਲੋਂ ਹਾਰਦਿਕ ਸਵਾਗਤ ਕਰਦੇ ਹਾਂ। ਬਾਬਾ ਜੀ ਦੇ ਪਰਉਪਕਾਰਾਂ ਦੀ ਲਿਸਟ ਬਹੁਤ ਲੰਬੀ ਹੈ। ਅਸੀਂ ਅਲਪ ਬੁੱਧੀ ਵਾਲੇ ਇਨਾਂ ਪਰਉਪਕਾਰਾਂ ਬਾਰੇ ਕੀ ਆਖ ਸਕਦੇ ਹਾਂ। ਆਪ ਜੀ ਦੀ ਪ੍ਰੇਰਨਾ ਸਦਕਾ ਸਾਡੇ ਵਰਗੇ ਅਭਾਗੇ ਜੀਵਾਂ ਨੂੰ ਵੀ ਸੇਵਾ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ, "ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।।" ਸੇਵਾ ਤੋਂ ਬਿਨਾਂ ਹੱਥ ਪੈਰ ਲਾਹਣਤਯੋਗ ਹਨ। ਬਾਬਾ ਜੀ ਦੀ ਪ੍ਰੇਰਨਾ ਸਦਕਾ ਲੱਖਾਂ ਪ੍ਰਾਣੀਆਂ ਨੇ ਸੇਵਾ ਦਾ ਪੁੰਨ ਖੱਟਿਆ ਹੈ। ਸਰਬੱਤ ਸੰਗਤ ਆਪ ਜੀ ਦੀ ਬਹੁਤ ਧੰਨਵਾਦੀ ਹੈ ਤੇ ਅੱਜ ਅਸੀਂ ਮਹਾਂਪੁਰਖਾਂ ਨੂੰ ਸਨਮਾਨ ਚਿੰਨ ਵਜੋਂ ਇਕ ਤਸਵੀਰ ਭੇਂਟ ਕਰ ਰਹੇ ਹਾਂ।ਇਸ ਮੌਕੇ ਸੰਗਤ ਵਿੱਚਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਦੇ ਸੇਵਕ ਬਾਬਾ ਫਰੀਦ ਨਿਸ਼ਾਨ ਸਾਹਿਬ ਵਾਲਿਆਂ ਵੱਲੋਂ ਸੇਵਾਦਾਰ ਬਾਬਾ ਭੋਲਾ ਸਿੰਘ, ਸਾਹਿਲਪ੍ਰੀਤ ਸਿੰਘ ਫਿਨਲੈਂਡ, ਪ੍ਰਭ ਸਿੰਘ, ਸੁਖਦੇਵ ਸਿੰਘ ਮੱਟਾ, ਕੁਲਵੰਤ ਸਿੰਘ ਕੰਤਾ, ਭਪਿੰਦਰ ਸਿੰਘ ਭੂਪੀ, ਚੇਅਰਮੈਨ ਗੁਰਮਹਾਬੀਰ ਸਿੰਘ ਸੰਧੂ, ਤਰਸੇਮ ਸਿੰਘ ਸੰਧੂ ਡੇਅਰੀ, ਹਰਮੀਤ ਸਿੰਘ ਬੋਬੀ, ਅਰਜਨ ਸਿੰਘ ਸੰਧੂ ਸਮਾਜ ਸੇਵੀ, ਮਨਜੀਤ ਸਿੰਘ ਫੌਜੀ,ਡਾ. ਜਤਿੰਦਰਜੀਤ ਸਿੰਘ ਸੋਨੂੰ, ਡਾਕਟਰ ਨਾਗੋਵਾਲੀਆ, ਸਾਹਿਬ ਸਿੰਘ ਸਾਬਕਾ ਸਰਪੰਚ ਤਰਸੇਮ ਸਿੰਘ ਕੋਹਾੜ ਅਤੇ ਸੁਖਦੇਵ ਸਿੰਘ, ਸਤਨਾਮ ਸਿੰਘ, ਹਰਜੀਤ ਸਿੰਘ ਮੈਂਬਰ ਬਿੱਟੂ ਮੈਂਬਰ, ਗਿਆਨੀ ਮੁਖਤਾਰ ਸਿੰਘ ਕਥਾਵਾਚਕ ਜਲੰਧਰ ਵਾਲੇ ਅਤੇ ਹੋਰ ਬੇਅੰਤ ਸੰਗਤ ਹਾਜ਼ਰ ਸੀ।


Kisan AUTOMOBILES ਤੁਹਾਡੀ ਆਪਣੀ Hero
ਕਿਸਾਨ ਹੀਰੋ ਅਜੰਸੀ
ਚੋਹਲਾ ਸਾਹਿਬ
ਵੱਲੋਂ
ਦੀਵਾਲੀ ਧਮਾਕਾ
ਸਪਲੈਂਡਰ
HF-DELUX
ਨਾਲ ਪਾਓ
ਫ੍ਰੀ ਗਿਫਟ
DP 9999/-
DP 6999/-
ਪਹਿਲਾ ਦੀ ਤਰ੍ਹਾਂ ਇਸ ਵਾਰ ਵੀ
ਘੱਟ ਰੇਟ
ਘੱਟ ਕਾਗਜ਼ੀ ਕਾਰਵਾਈ
ਘੱਟ ਵਿਆਜ ਦਰ
ਮੌਕੇ ਤੇ ਬੈਂਕ ਲੋਨ
ਪੁਰਾਣਾ ਮੋਟਰ ਸਾਈਕਲ ਵਿੱਚ ਦੇ ਕੇ ਨਵਾਂ ਲੈਣ ਤੇ ਪਾਓ 2000/- ਦੀ ਛੋਟ+ ਨਾਲ 5 ਲੀਟਰ ਪੰਟਰੋਲ
ਵੱਧ ਆਫਰਾਂ ਦਾ ਲਾਭ ਲੈਣ ਲਈ ਜਲਦੀ ਆਓ
ਕਿਸਾਨ ਆਟੋਮੋਬਾਈਲਜ਼
ਨੇੜੇ ਪਟਰੋਲ ਪੰਪ, ਸਰਹਾਲੀ ਰੋਡ, ਚੋਹਲਾ ਸਾਹਿਬ (ਤਰਨ ਤਾਰਨ)
M: 81467-57144, 94787-57144, 70972-42000


ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ
ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ
ਜਥੇ. ਗੁਰਬਚਨ ਸਿੰਘ ਕਰਮੂੰਵਾਲਾ ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ
Courses Offered
Post Graduation : • M.Sc. (Comp. Sci.) • M.Com.
Graduation : • BCA • B.Sc.(IT)
• B.Sc. (Comp. Sci.) • B.Sc. (Eco.) • B.Sc. (N.Med.)
• BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ
10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ
• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care
Affiliated to Jagat Guru Nanak Dev Punjab State Open University, Patiala
ਵਿਸ਼ੇਸ਼ਤਾਵਾਂ
ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ
ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ


ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ
SHIPS LONDON
KIDS PLAY PEN SCHOOL
What makes us Special?
• Loving and Caring Environment
• Dedicated Teachers and Staff
• Individual Education Plans
• Smart Class Room
• Creative Corner
• Big Outdoor Play Area
Admission Open
There is no Better Secure, Safe and Fun Place to Leave your Kid than in this School
Transport Facility Available
ਗੁਰਵਿੰਦਰ ਸਿੰਘ ਸੰਧੂ ਡਾਇਰੈਕਟਰ
ਨਿਰਭੈਅ ਸਿੰਘ ਪ੍ਰਿੰਸੀਪਲ
School Time : 10-00 am to 12-00 p.m.
Village Raniwallah, Chohla Sahib, TARN TARAN.
Mob. : 98148-64435, 98148-64437


MSM CONVENT SCHOOL
DHUN ROAD, CHOHLA SAHIB, DISTT. TARN TARAN
Affiliated to CBSE New Delhi
ADMISSION OPEN
PLAYWAY TO XII
• Medical • Non-Medical
• Commerce • Arts Stream
*Age criteria as on 31st March
Playway : 2+ Years
Nursery : 3 to 4 Years
LKG : 4 to 5 Years
UKG : 5 to 6 Years
FREE ADMISSION IN PLAYWAY NURSERY & LKG for First 50 seats only
• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning
50% Off IN ADMISSION CHARGES FOR ALL CLASSES for First 50 seats only
For Career opportunity : msmconventschool@gmail.com
Limited Seats Available
So Hurry Up! Call Now : 8288073538
msmconventschool@gmail.com
www.msmconventschool.com


ਵੈਬਸਾਇਟ
ਬਣਵਾਉਣ ਲਈ
ਸੰਪਰਕ ਕਰੋ
+91 99881 82740


CALLSTEM SOFTWARE LLP
Unlock your business's true potential with our expertise. Join us today and watch your brand soar!
OUR SERVICES
• Web Design and Development
• Mobile Application Development
• Social Media Management & Marketing
• Graphics Designing
• Custom Software Solutions
Contact - 9463661542
























# ਐਮ ਐਸ ਐਮ ਕਾਨਵੈਂਟ ਸਕੂਲ ਚੋਹਲਾ ਸਾਹਿਬ ਵਿਖੇ ਸਾਲਾਨਾ ਇਨਾਮਵੰਡ ਸਮਾਰੋਹ ਕਰਵਾਇਆ ਗਿਆ, ਬੱਚਿਆਂ ਨੇ ਸਟੇਜ਼ 'ਤੇ ਆਪਣੀ ਕਲਾ ਦੇ ਜ਼ੌਹਰ ਦਿਖਾਏ

ਚੋਹਲਾ ਸਾਹਿਬ 20 ਦਸੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਇਲਾਕੇ ਦੀ ਮਹਾਨ ਵਿੱਦਿਅਕ ਸੰਸਥਾ ਐਮ ਐਸ ਐਮ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧੁੰਨ ਰੋੜ ਚੋਹਲਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੇਅਰਮੈਨ ਡਾਕਟਰ ਉਪਕਾਰ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਸਾਲਾਨਾ ਇਨਾਮਵੰਡ ਸਮਾਰੋਹ ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ ਹੈ ਜਿਸ ਵਿੱਚ ਬੱਚਿਆਂ ਦੀ ਧਮਾਕੇਦਾਰ ਪਰਫਾਰਮੈਂਸ ਨੇ ਸਭ ਦਾ ਦਿਲ ਜਿੱਤ ਲਿਆ।ਇਸ ਸਮੇਂ ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਦੱਸਿਆ ਕਿ ਸਟੇਜ਼ *ਤੇ ਜਦ ਬੱਚਿਆਂ ਵੱਲੋਂ ਪੰਜਾਬੀ ਨਾਚ ਗਿੱਧਾ—ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ਤਾਂ ਸਾਰੇ ਸਰੂਤੇ ਝੂਮਣ ਲੱਗ ਪਏ।ਕੁੜੀਆਂ ਵੱਲੋਂ ਪੰਜਾਬੀ ਗਾਣਿਆਂ ਤੇ ਭੱਗੜਾ ਪਾਇਆ ਤਾਂ ਸਾਰੇ ਹਾਜਰੀਨ ਨੱਚਣ ਅਤੇ ਗਾਉਣ ਲੱਗ ਪਏ।ਇਸਤੋਂ ਬਾਅਦ ਬੱਚਿਆਂ ਨੇ ਹਰਿਆਣਵੀਂ ਅਤੇ ਕਸਮੀਰੀ ਪੁਸ਼ਾਕਾਂ ਪਾਕੇ ਜਦ ਸਟੇਜ਼ *ਤੇ ਪਰਫਾਰਮੈਂਸ ਕੀਤੀ ਤਾਂ ਸਾਰੇ ਅਸ਼ ਅਸ਼ ਕਰ ਉੱਠੇ।ਇਸ ਤੋਂ ਬਾਅਦ ਬੱਚਿਆਂ ਵੱਲੋਂ ਆਰਮੀਂ ਥੀਮ,ਨਿਸ਼ਆਂ ਦੇ ਮਾਰੂ ਪ੍ਰਭਾਵਾਂ ਹੇਠ ਆ ਰਹੀ ਨੌਜਵਾਨ ਪੀੜ੍ਹੀ ਅਤੇ ਪਰਿਵਾਰਾਂ ਦੇ ਪਰਿਵਾਰ ਕਿਸ ਤਰ੍ਹਾਂ ਉੱਜੜ ਰਹੇ ਹਨ ਬਾਰੇ ਨਾਟਕ ਦੀ ਪੇਸ਼ਕਾਰੀ ਕੀਤੀ ਜਿਸ ਨਾਲ ਹਰ ਅੱਖ ਨਮ ਹੋ ਗਈ ਅਤੇ ਵਿਦਿਆਰਥੀਆਂ ਨੇ ਪਰਣ ਕੀਤਾ ਕਿ ਉਹ ਹਮੇਸ਼ਾਂ ਅਜਿਹੀ ਬਿਮਾਰੀ ਤੋਂ ਦੂਰ ਰਹਿਣਗੇ ਅਤੇ ਆਪਣੀ ਸਾਰਾ ਧਿਆਨ ਪੜ੍ਹਾਈ ਵੱਲ ਲਗਾਕੇ ਆਪਣਾ ਅਤੇ ਪਰਿਵਾਰ ਦਾ ਜੀਵਨ ਸੌਖਾ ਕਰਨਗੇ ਅਤੇ ਲੋਕ ਸੇਵਾ ਨੂੰ ਪਹਿਲ ਦੇਣਗੇ।ਇਸ ਸਮੇਂ ਸ੍ਰੀ ਕੁਲਦੀਪ ਚੰਦ ਏ ਡੀ ਸੀ ਗੁਰਦਾਸਪੁਰ ਨੇ ਇਸ ਰੰਗਾ ਰੰਗ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮੇਂ ਸ੍ਰੀ ਕੁਲਦੀਪ ਚੰਦ ਨੇ ਸਟੇਜ਼ ਤੇ ਬੋਲਦਿਆਂ ਐਮ ਐਸ ਐਮ ਕਾਨਵੈਂਟ ਸਕੂਲ ਦੇ ਡਾਇਰੈਕਟਰ ਚੇਅਰਮੈਨ ਉਪਕਾਰ ਸਿੰਘ ਸੰਧੂ,ਸਕੂਲ ਮੁੱਖ ਅਧਿਆਪਕਾ,ਸਕੂਲ ਅਧਿਆਪਕਾਂ,ਹੋਣਹਾਰ ਵਿਦਿਆਰਥੀਆਂ ਵੱਲੋਂ ਪੜ੍ਹਾਈ ਦੇ ਨਾਲ ਨਾਲ ਵੱਖ ਵੱਖ ਵਿਸ਼ਿਆਂ ਵਿੱਚ ਮਾਰੀਆਂ ਜਾਂਦੀਆਂ ਮੱਲਾਂ ਦੀ ਸ਼ਲਾਘਾ ਕੀਤੀ।ਉਹਨਾਂ ਕਿਹਾ ਕਿ ਇਲਾਕੇ ਵਿੱਚ ਐਮ ਐਸ ਐਮ ਕਾਨਵੈਂਟ ਸਕੂਲ ਚਾਨਣ ਮੁਨਾਰਾ ਬਣਕੇ ਬੱਚਿਆਂ ਦੀਆਂ ਜਿੰਦਗੀਆਂ ਨੂੰ ਰੌਸ਼ਨਾ ਰਿਹਾ ਹੈ ਅਤੇ ਉਹ ਆਸ ਕਰਦੇ ਹਨ ਆਉਣ ਵਾਲੇ ਸਮੇਂ ਵਿੱਚ ਇਸ ਸਕੂਲ ਦੇ ਵਿਦਿਆਰਥੀ ਡੀ ਸੀ ਵਰਗੇ ਉੱਚ ਅਹੁਦਿਆਂ ਤੇ ਬਿਰਾਜਮਾਨ ਹੋਣਗੇ।ਇਸ ਸਮੇਂ ਹੋਣਹਾਰ ਵਿਦਿਆਰਥੀਆਂ ਨੂੰ ਯੋਗ ਇਨਾਮ ਦਿੱਤੇ ਗਏ।ਇਸ ਸਮੇਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪੀ ਏ ਚੇਅਰਮੈਨ ਦਿਲਬਾਗ ਸਿੰਘ ਨੇ ਸਟੇਜ਼ *ਤੇ ਸੰਬੋਧਨ ਕਰਦਿਆਂ ਕਿਹਾ ਕਿ ਐਮ ਐਸ ਐਮ ਕਾਨਵੈਂਟ ਸਕੂਲ ਘਰ ਘਰ ਵਿੱਚ ਵਿਦਿਆ ਦਾ ਚਾਨਣ ਫੈਲਾ ਰਿਹਾ ਹੈ ਅਤੇ ਇਸ ਸਕੂਲ ਦੇ ਵਿਦਿਆਰਥੀ ਜਿੱਥੇ ਪੜ੍ਹਾਈ ਵਿੱਚ ਅੱਵਲ ਆ ਰਹੇ ਹਨ ਉੱਥੇ ਖੇਡਾਂ ਵਿੱਚ ਮੱਲਾ ਮਾਰਕੇ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ।ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਕੁਲਬੀਰ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਗਾਉਣ ਲਈ ਵਧਾਈ ਦਿੱਤੀ ਅਤੇ ਆਸ ਕੀਤੀ ਕਿ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨਗੇ।ਇਸ ਸਮੇਂ ਸਰਪੰਚ ਕੇਵਲ ਕ੍ਰਿਸ਼ਨ ਨਈਅਰ ਚੋਹਲਾ ਸਾਹਿਬ,ਸੁਰਜੀਤ ਸਿੰਘ ਗੋਹਲਵੜ ਬਲਾਕ ਸੰਮਤੀ ਮੈਂਬਰ,ਸ਼ੁਬੇਗ ਸਿੰਘ,ਲਾਲਜੀਤ ਸਿੰਘ ਖਹਿਰਾ,ਸੀਨੀਅਰ ਆਗੂ ਪ੍ਰਦੀਪ ਢਿਲੋਂ ਖਾਦ ਸਟੋਰ ਵਾਲੇ,ਦਇਆ ਸਿੰਘ ਚੇਅਰਮੈਨ,ਜਗਰੂਪ ਸਿੰਘ ਪੱਖੋਪੁਰ,ਸੁਖਜਿੰਦਰ ਸਿੰਘ ਸਰਪੰਚ ਪੱਖੋਪੁਰ,ਸਰਬਜੀਤ ਸਿੰਘ ਸਰਪੰਚ ਬਿੱਲਿਆਂ ਵਾਲਾ,ਪ੍ਰਧਾਨ ਅਜੀਤ ਸਿੰਘ,ਰਣਜੀਤ ਸਿੰਘ,ਕਸ਼ਮੀਰ ਸਿੰਘ ਸਰਪੰਚ ਗੋਹਲਵੜ,ਗੁਰਭੇਜ਼ ਸਿੰਘ, ਬਿੱਟੂ ਭਾਜੀ ਆਦਿ ਹਾਜਰ ਸਨ।

## ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ ਵਿੱਚੋਂ ਕੱਢਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਸਮੇਂ ਦੀ ਪ੍ਰਮੁੱਖ ਲੋੜ -ਤਰਕਸ਼ੀਲ ਸੁਸਾਇਟੀ



**ਤਰਨਤਾਰਨ 20 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਸਰਕਾਰੀ ਸੀਨੀ.ਸੈਕੰ.ਸਕੂਲ ਮਾਨੋਚਾਹਲ ਦੇ ਵਿਦਿਅਰਥੀਆਂ ਜਿਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੀ ਚੇਤਨਾ ਪਰਖ ਪ੍ਰੀਖਿਆ ਪਾਸ ਕੀਤੀ ਸੀ ਤੇ ਮੈਰਿਟ ਚ ਆਉਣ ਵਾਲੇ ਨੂੰ ਵਿਸ਼ੇਸ਼ ਤੌਰ ਤੇ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ ।ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਤਰਸੇਮ ਸਿੰਘ ਲਾਲੂ ਘੁੰਮਣ, ਮਾਸਟਰ ਕੁਲਵੰਤ ਸਿੰਘ ਅਤੇ ਰਜਵੰਤ ਬਾਗੜੀਆਂ ਨੇ ਕਿਹਾ ਇਹ ਪ੍ਰੀਖਿਆ ਬੱਚਿਆਂ ਨੂੰ ਸਾਡੇ ਮਾਣਮੱਤੇ ਇਤਿਹਾਸ ਸਾਡੇ ਸੂਰਬੀਰ ਯੋਧਿਆਂ ਬਾਰੇ ਜਾਣੂ ਕਰਵਾਉਣਾ ,ਬੱਚਿਆਂ ਦਾ ਬੋਧਿਕ ਪੱਧਰ ਉੱਚਾ ਚੁੱਕਣਾ, ਅੰਧਵਿਸ਼ਵਾਸ ਦੀ ਦਲ ਦਲ ਵਿੱਚੋ ਕੱਢਣਾ, ਮੋਬਾਇਲ ਫ਼ੋਨਾਂ ਤੋਂ ਹਟਾ ਕੇ ਕਿਤਾਬਾਂ ਨਾਲ ਜੋੜਨਾ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਹੈ ।ਉਨ੍ਹਾਂ ਦੱਸਿਆ ਇਸ ਵਾਰ ਦੀ ਪ੍ਰੀਖਿਆ ਜੋ ਗਦਰੀ ਗੁਲਾਬ ਕੌਰ ਨੂੰ ਸਮਰਪਿਤ ਸੀ ਵਿੱਚ ਪੈਂਤੀ ਹਜ਼ਾਰ ਦੇ ਲਗਭਗ ਪ੍ਰੀਖਿਆਰਥੀਆਂ ਨੇ ਭਾਗ ਲਿਆ ਸੀ। ਮਾਝਾ ਜੋਨ ਦੀ ਸੱਤਵੀ ਜਮਾਤ ਦੀ ਮੈਰਿਟ ਵਿੱਚੋ ਆਰੀਮਾਨ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਇਕਾਈ ਦੀ ਮੈਰਿਟ ਵਿੱਚੋਂ ਸੱਤਵੀਂ ਕਲਾਸ ਵਿੱਚੋਂ ਗੁਰਨਿਸ਼ਾਨ ਸਿੰਘ ਅਤੇ ਗੁਰਨੂਰ ਸਿੰਘ , ਦਸਵੀਂ ਕਲਾਸ ਦੀ ਮੈਰਿਟ ਵਿੱਚੋਂ ਇਰਵਨੂਦੀਪ ਕੌਰ ਅਤੇ ਬਾਰਵੀਂ ਕਲਾਸ ਦੀ ਮੈਰਿਟ ਵਿੱਚੋਂ ਸਿਮਰਨਜੀਤ ਕੌਰ ਟੌਪਰ ਰਹੇ। ਉਨ੍ਹਾਂ ਨੂੰ ਸੁਸਾਇਟੀ ਵੱਲੋਂ ਸਨਮਾਨ ਪੱਤਰ ਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ।ਜਿੰਨ੍ਹਾਂ ਬੱਚਿਆਂ ਨੇ ਪ੍ਰੀਖਿਆ ਨੂੰ ਪਾਸ ਕੀਤਾ ਉਨ੍ਹਾਂ ਨੂੰ ਮਾਣ ਪੱਤਰ ਸਰਟੀਫਿਕੇਟ ਦਿੱਤੇ ਗਏ।ਇਸ ਮੌਕੇ ਸਕੂਲ ਇਨਚਾਰਜ ਨਵਦੀਪ ਸਿੰਘ, ਲੈਕਚਰਾਰ ਗੁਰਵਰਿਆਮ ਸਿੰਘ , ਸਕੂਲ ਕਮੇਟੀ ਚੇਅਰਮੈਨ ਬਲਜਿੰਦਰ ਸਿੰਘ,ਮਾਸਟਰ ਗੁਰਪ੍ਰੀਤ ਸਿੰਘ ,ਮੋਹਿਤ ਝਾਂਬ ,ਮੈਡਮ ਰਿੰਪੀ ,ਮੈਡਮ ਮਾਇਆ ਦੇਵੀ, ਕੈਂਪਸ ਮੈਨੇਜਰ ਕੰਵਲਜੀਤ ਸਿੰਘ ਆਦਿ ਤੋਂ ਇਲਾਵਾ ਸਕੂਲ ਸਮੂਹ ਸਟਾਫ਼ ਹਾਜ਼ਰ ਸੀ ।

## ਗੌਰਮਿੰਟ ਪੈਨਸ਼ਨਰ ਯੂਨੀਅਨ ਨੇ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਪੈਨਸ਼ਨਰ ਦਿਵਸ



**ਤਰਨਤਾਰਨ 20 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ, ਜਿਲ੍ਹਾ ਤਰਨਤਾਰਨ ਨੇ ਅੱਜ ਬੁੰਗਾ ਰਾਮਗੜ੍ਹੀਆ ਵਿਖੇ ਪੂਰੇ ਜੋਸ਼ੋ ਖਰੋਸ਼ ਨਾਲ ਪੈਨਸ਼ਨਰ ਦਿਵਸ ਮਨਾਇਆ ਗਿਆ। ਇਸ ਮੌਕੇ ਜਸਵਿੰਦਰ ਸਿੰਘ ਨੇ ਪੈਨਸ਼ਨਰ ਦਿਵਸ ਦੀ ਮਹੱਤਤਾ ਤੇ ਚਾਨਣਾ ਪਾਉਂਦਿਆਂ ਆਏ ਹੋਏ ਹਾਜ਼ਰੀਨ ਨੂੰ ਜੀ ਆਇਆ ਕਿਹਾ। ਉਨ੍ਹਾਂ ਦੱਸਿਆ ਕਿ ਦਸੰਬਰ ਨੂੰ ਡੀ. ਐਸ. ਨਾਕੜਾ ਕੇਸ ਦੀ ਸੁਣਵਾਈ ਦੌਰਾਨ ਛੇ ਮੈਂਬਰੀ ਸੰਵਿਧਾਨਕ ਬੈਂਚ ਵੱਲੋਂ ਇਤਿਹਾਸਕ ਫੈਸਲਾ ਕਰਦਿਆਂ ਸੁਪਰੀਮ ਕੋਰਟ ਦੇ ਜੱਜ ਵਾਈ ਬੀ ਚੰਦਰ ਚੂੜ੍ਹ ਨੇ ਫੈਸਲਾ ਦਿੱਤਾ ਸੀ ਕਿ ਪੈਨਸ਼ਨ ਕੋਈ ਖੈਰਾਇਤ ਨਹੀਂ ਹੈ ਸਗੋਂ ਇਹ ਕਿਰਤੀਆਂ ਦਾ ਸੰਵਿਧਾਨਿਕ ਅਧਿਕਾਰ ਹੈ, ਇਹ ਬੁਢਾਪੇ ਦੀ ਚਾਦਰ ਹੈ ਜਿਸ ਦੇ ਹੇਠਾਂ ਇਕ ਪੈਨਸ਼ਨਰ ਸਮਾਜ ਵਿਚ ਸਤਿਕਾਰ ਤੇ ਸਨਮਾਨ ਹਾਸਲ ਕਰਦਾ ਹੈ। ਸਰਕਾਰ ਆਪਣੇ ਕਰਮਚਾਰੀ ਨੂੰ ਪੈਨਸ਼ਨ ਦੇ ਕੇ ਕੋਈ ਅਹਿਸਾਨ ਨਹੀਂ ਕਰਦੀ ਸਗੋਂ ਇਹ ਉਹਨਾ ਦਾ ਅਧਿਕਾਰ ਹੈ। ਇਹ ਵੱਖਰੀ ਗੱਲ ਹੈ ਕਿ ਸਮੇਂ ਦੇ ਗੇੜ ਨਾਲ ਪੂੰਜੀਵਾਦੀ ਸਰਕਾਰਾਂ ਤਕੜੀਆਂ ਹੋਈਆਂ ਹਨ ਅਤੇ ਕਿਰਤੀਆਂ ਦੀ ਏਕਤਾ ਅਤੇ ਸੰਘਰਸ਼ ਕਮਜੋਰ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਸਰਕਾਰਾਂ ਨੇ ਜਨਵਰੀ 2004 ਤੋਂ ਪੁਰਾਣੀ ਪੈਨਸ਼ਨ ਖਤਮ ਕਰਕੇ ਨਵਾਂ ਪੈਨਸ਼ਨ ਸਿਸਟਮ ਲਾਗੂ ਕਰ ਦਿੱਤਾ ਹੈ। ਨਵਾਂ ਪੈਨਸ਼ਨ ਸਿਸਟਮ ਮੁਲਾਜ਼ਮ-ਵਿਰੋਧੀ ਹੈ, ਇਸ ਦੀ ਥਾਂ ਪੁਰਾਣੀ ਪੈਨਸ਼ਨ ਲਾਗੂ ਕਰਾਉਣ ਦਾ ਇੱਕੋ ਇੱਕ ਢੰਗ ਜਥੇਬੰਦੀਆਂ ਦਾ ਸਾਂਝਾ ਫਰੰਟ ਬਣਾ ਕੇ ਸਰਕਾਰਾਂ ਵਿਰੁੱਧ ਸੰਘਰਸ਼ ਤੇਜ਼ ਕਰਨਾ ਦਾ ਹੈ ਇਸ ਲਈ ਸਾਨੂੰ ਸਾਂਝੇ ਸੰਘਰਸ਼ ਦਾ ਅੰਗ ਬਣਨਾ ਚਾਹੀਦਾ ਹੈ। ਸਮਾਗਮ ਵਿਚ ਬੀਤੇ ਸਾਲ ਦੀ ਰਿਪੋਰਟ ਪੇਸ਼ ਕਰਦਿਆਂ ਜਨਰਲ ਸਕੱਤਰ ਸਾ ਅਜਮੇਰ ਸਿੰਘ ਨੇ ਸਾਂਝੇ ਸੰਘਰਸ਼ ਵਿਚ ਜਥੇਬੰਦੀ ਵੱਲੋਂ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਅਪੀਲ ਕੀਤੀ ਕਿ ਸਾਥੀਆਂ ਨੂੰ ਸਾਂਝੇ ਸੰਘਰਸ਼ ਵਿਚ ਆਪਣੀ ਸ਼ਮੂਲੀਅਤ ਹੋਰ ਵਧਾਉਣੀ ਚਾਹੀਦੀ ਹੈ। ਜਥੇਬੰਦੀ ਦੇ ਕੈਸ਼ੀਅਰ ਕੁਲਵੰਤ ਸਿੰਘ ਨੇ ਆਮਦਨ ਖਰਚ ਦਾ ਵੇਰਵਾ ਪੇਸ਼ ਕੀਤਾ। ਇਸ ਮੌਕੇ ਨਛੱਤਰ ਸਿੰਘ ਮੁਗਲਚੱਕ, ਇੰਦਰਜੀਤ ਸਿੰਘ ਮਰਹਾਣਾ, ਸੰਬੋਧਨ ਕੀਤਾ। ਬੁਲਾਰਿਆਂ ਨੇ ਹਾਜ਼ਰ ਸਾਥੀਆਂ ਨੂੰ ਪੰਜਾਬ ਸਰਕਾਰ ਦੇ ਪੈਨਸ਼ਨਰ-ਵਿਰੋਧੀ ਰਵੱਈਏ ਵਿਰੁੱਧ ਲੜਨ ਲਈ ਕਿਹਾ ਅਤੇ ਕੇਂਦਰ ਸਰਕਾਰ ਵੱਲੋਂ ਸੰਸਦ ਵਿਚ ਪੇਸ਼ ਕਰਨ ਹਿਤ ਵਿਚਾਰ ਅਧੀਨ ਬਿਜਲੀ ਸੋਧ ਬਿੱਲ 2025 ਅਤੇ ਸੀਡ-ਸੋਧ ਬਿੱਲ 2025 ਦੇ ਕਿਸਾਨਾਂ-ਮਜ਼ਦੂਰਾਂ ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਬਾਰੇ ਜਾਗਰਿਤ ਕੀਤਾ ਅਤੇ ਕੇਂਦਰ ਸਰਕਾਰ ਦੇ ਇਹਨਾਂ ਲੋਕ ਵਿਰੋਧੀ ਬਿੱਲਾਂ ਖਿਲਾਫ਼ ਦੇਸ਼-ਵਿਆਪੀ ਵਿਰੋਧ ਦੀ ਹਮਾਇਤ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸਮਾਗਮ ਵਿਚ ਸਾ ਗੁਰਦੀਪ ਸਿੰਘ ਮਾਨੋ ਚਾਹਲ, ਸਵਿੰਦਰਪਾਲ ਸਿੰਘ ਮਹਿਮੂਦਪੁਰ, ਕੁਲਵੰਤ ਸਿੰਘ ਗਿੱਲ, ਗੁਰਭੇਜ ਸਿੰਘ ਅਤੇ ਜਸਵਿੰਦਰ ਸਿੰਘ, ਪੰਜ ਸੀਨੀਅਰ ਸਾਥੀਆਂ ਨੂੰ ਦਸਤਾਰਾਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਪ੍ਰੰਤ ਅਗਲੇ ਦੋ ਸਾਲਾਂ ਲਈ ਜਥੇਬੰਦੀ ਦੀ ਨਵੀਂ ਚੋਣ ਸਬੰਧੀ 11 ਮੈਂਬਰੀ ਪੈਨਲ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰ ਸਾਥੀਆਂ ਨੇ ਸਰਵਸੰਮਤੀ ਨਾਲ ਪ੍ਰਵਾਨ ਕੀਤਾ,। ਇਸ ਮੌਕੇ ਕਰਮ ਸਿੰਘ, ਅਜਮੇਰ ਸਿੰਘ, ਕੁਲਵੰਤ ਸਿੰਘ ਗਿੱਲ, ਜਸਵਿੰਦਰ ਸਿੰਘ ਮਾਨੋਚਾਹਲ, ਇੰਦਰਜੀਤ ਸਿੰਘ ਮਰਹਾਣਾ, ਨਛੱਤਰ ਸਿੰਘ ਮੁਗਲਚੱਕ, ਸੁਰਜੀਤ ਸਿੰਘ ਝਾਮਕਾ, ਡਾ ਨਰਿੰਦਰ ਸਿੰਘ ਬਘਿਆੜੀ, ਤਰਸੇਮ ਸਿੰਘ ਲਾਲੂ ਘੁੰਮਣ, ਸਰਵਣ ਸਿੰਘ ਅਤੇ ਵਿਜੇ ਕੁਮਾਰ ਜੋਸ਼ੀ ਸ਼ਾਮਲ ਹਨ ਅਤੇ ਇਹਨਾਂ ਵਿਚ ਜਿੰਮੇਵਾਰੀਆਂ ਦੀ ਵੰਡ ਅਗਲੀ ਮੀਟਿੰਗ ਵਿਚ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਕਰਮ ਸਿੰਘ ਨੇ ਆਪਣੇ ਵਿਚਾਰ ਰੱਖੇ ਅਤੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਨਾਮ ਸਿੰਘ, ਬਖਸੀਸ਼ ਸਿੰਘ, ਬਲਬੀਰ ਮੱਲ੍ਹੀ, ਕਸ਼ਮੀਰ ਸਿੰਘ ਢਿੱਲੋਂ, ਗਿਆਨ ਸਿੰਘ, ਮਨਜੀਤ ਸਿੰਘ, ਹਰਜੀਤ ਸਿੰਘ ਜੱਸਲ, ਰਾਜਵੀਰ ਕੁਮਾਰ, ਸਕੱਤਰ ਸਿੰਘ, ਅਜੈਬ ਸਿੰਘ, ਹੀਰਾ ਸਿੰਘ, ਜਗਤਾਰ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਸੁਖਦੇਵ ਸਿੰਘ, ਸਰਵਣ ਸਿੰਘ, ਮੰਗਲ ਸਿੰਘ ਬੀ ਪੀ ਈ ਓ, ਕੁਲਦੀਪ ਸਿੰਘ ਬਾਠ ਅਤੇ ਵਿਜੇ ਕੁਮਾਰ ਪੁੰਜ ਆਦਿ ਹਾਜ਼ਰ ਸਨ।

## ਕਿਰਤੀ ਕਿਸਾਨ ਯੂਨੀਅਨ ਨੇ ਕਿਸਾਨ ਆਗੂ ਨਾਜ਼ਰ ਸਿੰਘ ਦੀ ਸਿਹਤ ਦਾ ਜਾਣਿਆ ਹਾਲ



**ਤਰਨਤਾਰਨ 20 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਸਰਗਰਮ ਆਗੂ ਨਾਜ਼ਰ ਸਿੰਘ ਜੋ ਬੀਤੇ ਦਿਨੀ ਸੱਟ ਲੱਗਣ ਕਰਕੇ ਇਥੋਂ ਦੇ ਇੱਕ ਨਿੱਜੀ ਹਸਪਤਾਲ ਜੇਰੇ ਇਲਾਜ ਸਨ। ਜਿਨ੍ਹਾਂ ਦੀ ਸਫ਼ਲ ਹੋਣ ਉਪਰੰਤ ਦੀ ਉਨ੍ਹਾਂ ਸਿਹਤ ਕਿਰਤੀ ਕਿਸਾਨ ਯੂਨੀਅਨ ਤਰਨਤਾਰਨ ਦੇ ਜ਼ਿਲ੍ਹਾ ਟੀਮ ਵੱਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਹਾਲ ਚਾਲ ਜਾਣਿਆ ਅਤੇ ਉਨ੍ਹਾਂ ਦੀ ਸਿਹਤਯਾਬੀ ਕਾਮਨਾ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲਾ ਟੀਮ ਨੇ ਗੱਲਬਾਤ ਕਰਦਿਆਂ ਕਿਹਾ ਕਿਸਾਨ ਆਗੂ ਨਾਜ਼ਰ ਸਿੰਘ ਬਹੁਤ ਹੀ ਸਰਗਰਮ ਆਗੂ ਹਨ ਕਮੇਟੀ ਇਹੋ ਜਿਹੇ ਸੁਹਿਰਦ ਸਾਥੀ ਨਾਲ ਚਟਾਨ ਵਾਂਗ ਖੜ੍ਹੀ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗਲਚੱਕ,ਸੁਖਦੇਵ ਸਿੰਘ ਅੰਗਰੇਜ਼ ਸਿੰਘ ਸਰਹਾਲੀ, ਹਰਵਿੰਦਰ ਸਿੰਘ ਵਲੀਪੁਰ, ਸਰਦਾਰਾ ਸਿੰਘ ਸਖੀਰਾ, ਗੁਰਨਾਮ ਸਿੰਘ ਤਖੂਚੱਕ , ਗੁਰਪ੍ਰਤਾਪ ਸਿੰਘ, ਬਲਬੀਰ ਸਿੰਘ, ਖਜਾਨ ਸਿੰਘ ਸਰਪੰਚ ਆਦਿ ਹਾਜ਼ਰ ਸਨ ।ਕਿਸਾਨ ਆਗੂ ਨਜਰ ਸਿੰਘ ਦੀ ਸਿਹਤ ਦਾ ਹਾਲਚਾਲ ਪੁਛਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਅਤੇ ਮੈਬਰ।

## ਸਕੂਲ ਆਫ ਐਮੀਨੇਂਸ ਪੱਟੀ ਦੀ ਲੈਕਚਰਾਰ ਹਰਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰੀ ਅਧਿਆਪਕ ਪਰਵ ਵਿੱਚੋਂ ਕੀਤਾ ਪਹਿਲਾ ਸਥਾਨ ਹਾਸਿਲ



**ਤਰਨਤਾਰਨ 20 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਪੰਜਾਬ ਰਾਜ ਦੇ ਅਧਿਆਪਕਾਂ ਅੰਦਰ ਨਵੀਨਤਾ, ਖੋਜ ਅਤੇ ਵਿਕਾਸਸ਼ੀਲ ਸੋਚਾਂ ਨੂੰ ਵਿਕਸਿਤ ਕਰਨ ਅਧਿਆਪਕਾਂ ਦੀਆਂ ਕਾਬਲੀਅਤਾਂ ਅਤੇ ਗੁਣਾਂ ਨੂੰ ਸਕੂਲਾਂ ਤੋਂ ਬਾਹਰ ਹੋਰਨਾਂ ਸਕੂਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਤੱਕ ਪਹੁੰਚਾਉਣ ਹਿੱਤ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਪੂਰੇ ਪੰਜਾਬ ਵਿੱਚ ਅਧਿਆਪਕ ਪਰਵ ਕਰਵਾਇਆ ਜਾ ਰਿਹਾ ਹੈ| ਇਸ ਅਧਿਆਪਕ ਪਰਵ ਦਾ ਪਹਿਲਾ ਪੜਾਅ ਬਲਾਕ ਪੱਧਰੀ ਅਤੇ ਫਿਰ ਜ਼ਿਲ੍ਹਾ ਪੱਧਰੀ ਮੁਕੰਮਲ ਹੋ ਚੁੱਕੇ ਹਨ। ਜ਼ਿਲ੍ਹਾ ਤਰਨ ਤਾਰਨ ਅੰਦਰ ਬੀਤੇ ਦਿਨ ਅਧਿਆਪਕ ਪਰਵ ਦਾ ਜ਼ਿਲ੍ਹਾ ਪੱਧਰੀ ਮੁਕਾਬਲਾ ਕਰਵਾਇਆ ਗਿਆ । ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਹਰ ਬਲਾਕ ਵਿੱਚੋਂ ਪਹਿਲੇ ਦੋ ਸਥਾਨਾਂ ਉੱਪਰ ਜੇਤੂ ਅਧਿਆਪਕਾਂ ਨੇ ਭਾਗ ਲਿਆ। ਸਖ਼ਤ ਮੁਕਾਬਲੇ ਵਿੱਚੋਂ ਸਕੂਲ ਆਫ਼ ਐਮੀਨੈਂਸ ਪੱਟੀ ਦੀ ਭੌਤਿਕ ਵਿਗਿਆਨ ਲੈਕਚਰਾਰ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ । ਹਰਪ੍ਰੀਤ ਕੌਰ ਵੱਲੋਂ ਸੁੰਦਰ ਲਿਖਾਈ ਅਤੇ ਕੈਲੀਗ੍ਰਾਫੀ ਸੰਬੰਧੀ ਆਪਣੀ ਪਰਿਯੋਜਨਾ ਪੇਸ਼ ਕੀਤੀ । ਉਹਨਾਂ ਦੀ ਮੋਤੀਆਂ ਵਰਗੀ ਲਿਖਾਈ ਅਤੇ ਅੱਖਰਕਾਰੀ ਉੱਪਰ ਕੀਤੀ ਮਿਹਨਤ ਨੇ ਉਹਨਾਂ ਦਾ ਅਤੇ ਸਕੂਲ ਅਤੇ ਬਲਾਕ ਪੱਟੀ ਦਾ ਨਾਮ ਪੂਰੇ ਜ਼ਿਲ੍ਹੇ ਵਿੱਚ ਰੌਸ਼ਨ ਕੀਤਾ ।ਉਹਨਾਂ ਦੀ ਸਖ਼ਤ ਮਿਹਨਤ ਅਤੇ ਲਗਨ ਦੀ ਪ੍ਰਸ਼ੰਸਾ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਓਕਾਂਰ ਸਿੰਘ ਨੇ ਕਿਹਾ ਕਿ ਹਰਪ੍ਰੀਤ ਕੌਰ ਮੈਡਮ ਦੀ ਇਹ ਪ੍ਰਾਪਤੀ ਉਹਨਾਂ ਦੀ ਅਣਥੱਕ ਮਿਹਨਤ ਅਤੇ ਵਿਸ਼ੇਸ਼ ਮੁਸ਼ੱਕਤ ਸ਼ੌਕ ਦੀ ਬਦੌਲਤ ਸੰਭਵ ਹੋਈ ਹੈ । ਉਹਨਾਂ ਨੇ ਆਖਿਆ ਕਿ ਉਹ ਅਤੇ ਉਹਨਾਂ ਦੇ ਸਹਿਕਰਮੀ ਹਰਪ੍ਰੀਤ ਕੌਰ ਨੂੰ ਇਸ ਸਫ਼ਲਤਾ ਲਈ ਮੁਬਾਰਕਬਾਦ ਦਿੰਦੇ ਹੋਏ ਰਾਜ ਪੱਧਰੀ ਅਧਿਆਪਕ ਪਰਵ ਲਈ ਬਹੁਤ ਸ਼ੁਭਕਾਮਨਾਵਾਂ ਭੇਂਟ ਕਰਦੇ ਹਨ।ਇਸ ਮੌਕੇ ਸਕੂਲ ਦੇ ਹੋਰ ਅਧਿਆਪਕ ਮਿਸ ਮੋਨਿਕਾ ਤ੍ਰੇਹਨ, ਸ੍ਰੀਮਤੀ ਸਤਵਿੰਦਰ ਕੌਰ, ਅੰਮ੍ਰਿਤਪਾਲ ਸਿੰਘ, ਅਮਰਦੀਪ ਸਿੰਘ, ਸ੍ਰੀਮਤੀ ਖੁਸ਼ਵੰਤ ਕੌਰ, ਸ੍ਰੀਮਤੀ ਰੇਨੂੰ ਅਗਰਵਾਲ, ਸ੍ਰੀਮਤੀ ਹਰਮਨਦੀਪ ਕੌਰ, ਸ੍ਰੀਮਤੀ ਜਸਵੰਤ ਰਾਣੀ,ਦਰਸ਼ਨ ਸਿੰਘ, ਮੋਹਿਤ, ਸ੍ਰੀਮਤੀ ਹਰਪਾਲ ਕੌਰ,ਗੁਰਵਿੰਦਰ ਸਿੰਘ, ਮਲਕੀਤ ਸਿੰਘ, ਅਮਰਬੀਰ ਸਿੰਘ, ਬਿਕਰਮਜੀਤ ਸਿੰਘ, ਬਾਜ ਸਿੰਘ, ਮਨਦੀਪ ਸਿੰਘ, ਸ੍ਰੀਮਤੀ ਰਿਧੀ ਭਸੀਨ, ਸ੍ਰੀਮਤੀ ਅੰਜੂ ਸਲਹੋਤਰਾ, ਸ੍ਰੀਮਤੀ ਗੁਰਜੀਤ ਕੌਰ, ਸ੍ਰੀਮਤੀ ਲਿਵਲੀਨ ਕੌਰ, ਸ੍ਰੀਮਤੀ ਕੰਨੂਪਾਲ ਸ਼ਰਮਾਂ, ਸ੍ਰੀਮਤੀ ਮਮਤਾ ਰਾਣੀ, ਸ੍ਰੀਮਤੀ ਪੂਜਾ ਰਾਣੀ, ਸ੍ਰੀਮਤੀ ਸਿਮਰਜੀਤ ਕੌਰ, ਸ੍ਰੀਮਤੀ ਮਨਿੰਦਰਜੀਤ ਕੌਰ, ਸ੍ਰੀਮਤੀ ਮਨਜਿੰਦਰ ਕੌਰ, ਸ੍ਰੀਮਤੀ ਮੀਨੂੰ, ਸਤਨਾਮ ਸਿੰਘ, ਸ੍ਰੀਮਤੀ ਕਿਰਨਦੀਪ ਕੌਰ, ਸ੍ਰੀਮਤੀ ਅਰਪਨਾ ਸੈਣੀ, ਸ੍ਰੀਮਤੀ ਕੰਵਲਜੀਤ ਕੌਰ ਹਾਜ਼ਰ ਸਨ ।